
# ਅੰਮ੍ਰਿਤ ਕੀਰਤਨ

**ਈ-ਮੈਗਜ਼ੀਨ | e-Magazine**




ਡਾ. ਜਾਗੀਰ ਸਿੰਘ ਦੀ ਨਵੀਂ ਕਿਤਾਬ


ਸੰਪਾਦਕ
ਡਾ.ਜਾਗੀਰ ਸਿੰਘ

ਫਰਵਰੀ ੨੦੨੬



# ਜ

ਜੋੜ ਹੱਥ ਤੇ ਸਿਮਰ ਸੁਆਮੀ,
ਆਖਰ ਉਹੀ ਬਚਾਵੇ ਹੂ।
ਪੱਤਝੜ ਦੀ ਜਦ ਰੁੱਤ ਹੈ ਆਂਦੀ,
ਨ ਰਹਿੰਦੇ ਸੁੱਕੇ ਸਾਵੇ ਹੂ।
ਮੌਤ ਹਨੇਰੀ ਸਭਨ ਉਡਾਵੇ ਨੰਨ੍ਹੇ ਮੰਝੇ ਬਾਲੇ ਹੂ।
ਸੰਤੋਖ ਪ੍ਰਭੂ ਨੂੰ ਜੱਪ ਲੈ ਬੰਦੇ,
ਆਖਿਰ ਸਨਮੁਖ ਜਾਵੇਂ ਹੂ।

**ਪੁਸਤਕ – ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ

ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


**AMRIT KIRTAN TRUST**

**SCAN & PAY**

**UPI ID: drjagirsingh@sbi**


**ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 98556 40630

e-mail: drjagirsingh@gmail.com

Website : http://www.amritkirtan.com


* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।


ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਮ੍ਰਿਤ ਅਸਾਡੜੇ ਸੇਈ** 2

**ਕਰਉ ਬੇਨੰਤੀਆ** 3

**ਗੁਰਮਤਿ ਸੰਗੀਤ ਵਿਚ ਰਾਗ ਬਿਹਾਗੜਾ** 5
ਗੁਰਨਾਮ ਸਿੰਘ (ਡਾ.)

**ਭਲੇ ਅਮਰਦਾਸ ਗੁਣ ਤੇਰੇ** 7
ਡਾ. ਹਰਨੇਕ ਸਿੰਘ ਕਲੇਰ

**ਪੁਸਤਕ ਰੀਵੀਊ : ਕਰਉ ਬੇਨੰਤੀਆ** 9
ਪ੍ਰੋ. ਨਵ ਸੰਗੀਤ ਸਿੰਘ

**ਸੁਰ ਸਾਧਨ ਦੇ ਨਿਯਮ** 11
ਸੰਤ ਸਰਵਨ ਸਿੰਘ ਗੰਧਰਬ ਡੁਮੇਲੀ ਵਾਲ

**ਉੱਘੇ ਲੇਖਕ ਅਤੇ ਮਹਾਨ ਸੰਗੀਤਕਾਰ: ਡਾ. ਦੇਵਿੰਦਰ ਕੌਰ** 14
ਡਾ. ਰਣਜੀਤ ਸਿੰਘ

**Bhai Gurpartap Singh (Hazoor Sahib)** 16
Dr. Amardev Singh

**ਰਾਗ ਸੋਹਨੀ** 18
ਪ੍ਰੋ. ਗੁਰਮੀਤ ਸਿੰਘ 'ਮਾਰਖਮ'

**राग अमृतवर्षिणी** 20
गुरूबरवश सिंह


**ਮੈਗਜੀਨ ਦਾ ਸਾਲਾਨਾ ਚੰਦਾ 600/-ਰੁਪਏ**

**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ।**

**AMRIT KIRTAN TRUST**

Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address as also the deposit details to enable us to send you the receipt.

Donations to **AMRIT KIRTAN TRUST** (Unique Registration Number **AAATA1371JF19911**)
Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :

**AMRIT KIRTAN TRUST**

Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address as also the deposit details to enable us to send you the receipt.

# ਮਿਤ੍ਰ ਅਸਾਡੜੇ ਸੇਈ

ਸਤਿਕਾਰਯੋਗ ਡਾਕਟਰ ਸਾਹਿਬ ਜੀ

ਤੁਹਾਡੀ ਨਵੀਂ ਪ੍ਰਕਾਸ਼ਨਾ ਦੀ ਇੱਕ ਕਾਪੀ ਹੁਣੇ ਮੈਨੂੰ ਮਿਲੀ ਹੈ। ਇੰਨੀ ਸੁਹਜ ਭਰਪੂਰ ਛਪੀ ਅਤੇ ਅਨਮੋਲ ਵਿਚਾਰਾਂ ਨਾਲ ਲਬੋ-ਲਬ ਪੁਸਤਕ ਦੇ ਛਪਣ ਉੱਤੇ ਤੁਹਾਨੂੰ ਹਾਰਦਿਕ ਮੁਬਾਰਕਾਂ! ਬਹੁਤ ਬਹੁਤ ਸ਼ੁਭ ਕਾਮਨਾਵਾਂ ਵੀ ਕਿ ਅਜਿਹੇ ਕਾਰਜ ਤੁਹਾਡੇ ਹੱਥੋਂ ਹੁੰਦੇ ਰਹਿਣ!

ਖ਼ਿਆਲ ਆਇਆ ਕਿ ਜਿਵੇਂ ਸੂਰਜ ਉਦੇ ਹੁੰਦਾ ਹੀ ਹਰ ਘਰ, ਹਰ ਵਿਹੜੇ ਅਤੇ ਹਰ ਆਲ੍ਹਣੇ ਆਪਣੀ ਲੋਅ ਅਤੇ ਨਿੱਘ ਮੁਫ਼ਤੋ-ਮੁਫ਼ਤ ਦੇਈ ਜਾਂਦਾ ਹੈ, ਇਸ ਪ੍ਰਕਾਰ ਤੁਸੀਂ ਵੀ ਜਿਸ ਰਾਹ ਤੁਰੇ ਹੋ ਅਣਗਿਣਤ ਸ਼ਰਧਾਲੂਆਂ ਅਤੇ ਪਾਠਕਾਂ ਨੂੰ ਆਪਣੇ ਬਹੁ-ਭਾਂਤੀ ਗੁਣਾਂ ਦਾ ਛੱਟਾ ਦੇਈ ਜਾਂਦੇ ਹੋ।

ਤੁਹਾਡੀ ਲਗਨ, ਸਿਰੜ ਅਤੇ ਅਨੇਕ ਪ੍ਰਕਾਰ ਦੇ ਗੁਣਾਂ ਲਈ ਨਮਸਕਾਰ, ਮੁੜ ਨਮਸਕਾਰ!

ਮੈਂ ਹਮੇਸ਼ਾ ਤੁਹਾਡੇ ਸੰਗ ਬਿਤਾਏ ਸਮੇਂ ਨੂੰ ਯਾਦ ਕਰਦਾ ਗਦ ਗਦ ਹੁੰਦਾ ਹਾਂ।

ਬਹੁਤ ਅਪਣੱਤ ਸਹਿਤ
ਕਰਨੈਲ ਸਿੰਘ ਸੋਮਲ

ਪਰਮ ਸਤਿਕਾਰ ਯੋਗ ਡਾਕਟਰ ਜਾਗੀਰ ਸਿੰਘ ਜੀ
ਸਤਿ ਸ੍ਰੀ ਅਕਾਲ ਜੀ,

ਅੱਜ ਹੀ ਅੰਮ੍ਰਿਤ ਕੀਰਤਨ ਵਿੱਚ ਮਕਬੂਲ ਆਪ ਦੇ ਲੇਖਾਂ ਦਾ ਸੰਗ੍ਰਹਿ 'ਕਰਉ ਬੇਨੰਤੀਆ' ਪ੍ਰਾਪਤ ਕਰਕੇ ਬੇਹੱਦ ਖੁਸ਼ੀ ਮਿਲੀ। ਆਪ ਜੀ ਦਾ ਬਹੁਤ ਧੰਨਵਾਦ। ਇਹ ਮੇਰੇ ਲਈ ਨਵੇਂ ਸਾਲ ਦਾ ਅਨਮੋਲ ਤੋਹਫ਼ਾ ਹੈ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਬੀ.ਏ. ਵਿੱਚ ਪੰਜਾਬੀ ਮੇਰੇ ਆਪਸ਼ਨਲ ਵਿਸ਼ਾ ਰਿਹਾ ਹੈ। ਇਸ ਲਈ ਲਿਖਣ ਵਿੱਚ ਭੁੱਲ ਚੁੱਕ ਹੋ ਸਕਦੀ ਹੈ। ਜੇਕਰ ਆਪ ਇਸ ਵਿਚ ਆਈ ਗਲਤੀਆਂ ਸੁਧਾਰ ਦੇਵੋਗੇ ਤਾਂ ਮੈਨੂੰ ਪਤਾ ਲਗ ਜਾਵੇਗਾ ਕਿ ਮੈਂ ਕਿਥੇ ਗ਼ਲਤ ਲਿਖ ਰਿਹਾ ਹਾਂ।

I want to know one thing. In Holy Gurbani there is a quote in certain Banis " Tunde Asraj Di Dhun " . Will you put some light on Tunde Asraj. Who was He ? Dhun word depicts a kind tune, what I follow . What is its speciality?


This word always strike in my mind, whenever I read Gurbani. I hope that my query will be solved.

Thanking you Sir.

ਡਾ. ਭਾਗੇਂਦਰ ਸਿੰਘ
ਮੋਬਾ. 9418258603

# ਕਰਉ ਬੇਨੰਤੀਆ

## ਸੰਵੇਦਨਸ਼ੀਲ ਚਿਤਰਕਾਰ ਬਬਲੀ ਸੋਹਣ ਸਿੰਘ ਦਾ ਅਕਾਲ ਚਲਾਣਾ



ਉੱਨੀ ਜਨਵਰੀ ਨੂੰ ਦਿਨੇ ਤਿੰਨ ਵਜੇ ਸਵੀਟੀ (ਮਨਜਿੰਦਰਪਾਲ ਸਿੰਘ) ਦਾ ਫੋਨ ਆਇਆ ਕਿ ਬਬਲੀ ਸਾਨੂੰ ਛੱਡ ਕੇ ਚਲੀ ਗਈ। ਕੰਨਾ ਨੂੰ ਵਿਸ਼ਵਾਸ਼ ਹੀ ਨਹੀਂ ਹੋਇਆ ।ਅਜੇ ਸਵੇਰੇ ਹੀ ਉਹਨਾਂ ਨਾਲ ਵਾਟਸ ਐਪ ਤੇ ਸੁਨੇਹਿਆਂ ਦਾ ਆਦਾਨ ਪ੍ਰਦਾਨ ਕੀਤਾ ਸੀ। ਮੈਂ ਉਹਨਾਂ ਨੂੰ ਆਪਣਾ ਗਾਇਨ ਕੀਤਾ ਸ਼ਬਦ ਭੇਜਿਆ ਅਤੇ ਉਹਨਾਂ ਵੱਲੋਂ ਮੈਨੂੰ ਇੱਕ ਬੜਾ ਪਿਆਰਾ ਚਿੱਤਰ ਤੇ ਸੁਨੇਹਾ ਭੇਜਿਆ ਗਿਆ ਸੀ। ਇਹ ਸਿਲਸਿਲਾ ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਸੀ।

ਪਹਿਲੀ ਵਾਰ ਮੇਰਾ ਮੇਲ ਉਹਨਾਂ ਨਾਲ ਸ਼ਾਇਦ 1990-91 ਵਿੱਚ ਜ਼ੀਰਕਪੁਰ ਵਿਚ ਹੋਇਆ ਸੀ। ਉਹਨਾਂ ਦੇ ਰਿਸ਼ਤੇਦਾਰਾਂ ਦੇ ਘਰ ਮੇਰਾ ਕੀਰਤਨ ਸੀ। ਮੇਰਾ ਕੀਰਤਨ ਸੁਣ ਕੇ ਉਹਨਾਂ ਨੇ ਸ਼ਲਾਘਾ ਭਰੀਆਂ ਟਿੱਪਣੀਆਂ ਕੀਤੀਆਂ ਤੇ ਬੱਸ......। ਇਸ ਤੋਂ ਬਾਅਦ ਛੇਤੀ ਹੀ ਜਵੱਦੀ ਕਲਾਂ ਲੁਧਿਆਣਾ ਵਿਖੇ ਅੱਦੁਤੀ ਕੀਰਤਨ ਸੰਮੇਲਨ ਆਰੰਭ ਹੋ ਗਿਆ ਤੇ ਸਾਡੇ ਰਾਗੀ ਜਥੇ ਨੂੰ ਇਹਨਾਂ ਨੇ ਆਪਣੇ ਘਰ ਠਹਿਰਾ ਲਿਆ। ਫਿਰ ਹਰ ਸਾਲ ਇਹਨਾਂ ਦੇ ਘਰ ਕੀਰਤਨ ਕਰਦੇ ਰਹੇ। ਸਵੀਟੀ ਜੀ ਨੂੰ ਕੀਰਤਨ ਦੀ ਰਿਕਾਰਡਿੰਗ ਕਰਨ ਦਾ ਜੰਨੂਨ ਸੀ। ਇਹਨਾਂ ਨੇ ਹਰ ਕੀਰਤਨ ਰਿਕਾਰਡ ਕੀਤਾ ਤੇ ਫਿਰ ਉਸ ਕੀਰਤਨ ਬਾਰੇ ਕਈ ਕਈ ਦਿਨ ਵਿਚਾਰ ਵਟਾਂਦਰਾ ਹੁੰਦਾ ਰਿਹਾ। ਬਬਲੀ ਜੀ ਦੀਆਂ ਪੇਟਿੰਗਜ਼ ਵੇਖ ਕੇ ਸਮਝਣ ਅਤੇ ਸਲਾਹੁਣ ਦੀ ਮੈਂ ਕੋਸ਼ਿਸ਼ ਕਰਦਾ ਰਿਹਾ ਹਾਂ। ਉਹਨਾਂ ਦੀਆਂ ਕਈ ਪੇਟਿੰਗਜ਼ ਇਸ ਸਮੇਂ ਵੀ ਮੇਰੇ ਘਰ ਦੀਆਂ ਦੀਵਾਰਾਂ ਮੱਲੀ ਬੈਠੀਆਂ ਹਨ। ਉਹਨਾਂ ਨੇ ਕਈ ਨਿਵੇਕਲੇ ਲੇਖ 'ਅੰਮ੍ਰਿਤ ਕੀਰਤਨ' ਲਈ ਲਿਖੇ ਤੇ ਜਦੋਂ ਵਾਟਸ ਐਪ ਦਾ ਸਿਲਸਿਲਾ ਸ਼ੁਰੂ ਹੋਇਆ ਫਿਰ ਉਹਨਾਂ ਦੇ ਕਈ ਭਾਵਪੂਰਤ ਸੁਨੇਹੇ ਪ੍ਰਾਪਤ ਹੁੰਦੇ ਰਹੇ। ਪਿਛਲੇ ਦਿਨੀਂ ਉਹਨਾਂ ਦੇ ਕੁਝ ਸੁਨੇਹੇ ਸਨ-

ਮੈਂ ਅੱਖਰਾਂ ਨਾਲ ਸਜਾਏ ਕੁਝ ਸ਼ਬਦ,

ਤੇ ਸ਼ਬਦਾਂ ਵਿੱਚ ਪਰੋਏ ਆਪਣੇ ਕੁਝ ਅਹਿਸਾਸ ਕੋਮਲ ਜਿਹੇ।

ਅਹਿਸਾਸਾਂ ਦੀ ਖੁਸ਼ਬੋ ਨਾਲ ਸ਼ਬਦ ਮਹਿਕੇ,

ਇੱਕ ਸੂਖਮ ਜਿਹਾ ਵਿਸਮਾਦ.....

ਮੈਨੂੰ ਛੂਹ ਗਿਆ, ਹਵਾ ਦੇ ਝੋਂਕੇ ਵਾਂਗ।

ਮੋਤੀਆਂ ਵਰਗੇ ਅਲਫਾਜ਼,

ਇਕ ਖੂਬਸੂਰਤ ਕਵਿਤਾ ਰਚ ਗਏ,

ਇਕ ਪਲ ਇੰਝ ਲਗਿਆ....

ਜਿਵੇਂ ਇੱਕ ਖੂਬਸੂਰਤ ਜਿਹੀ ਮੋਤੀਆਂ ਜੜੀ ਮਾਲਾ ਪਰੋਈ ਹੋਵੇ..........।

..........................................................................

ਹਰ ਇਕ ਦੇ ਹੱਥਾਂ ਵਿੱਚ ਉਹ ਨਿੱਘ ਨਹੀਂ ਹੁੰਦਾ,

ਹਰ ਦਿਲ ਵਿੱਚ ਉਹ ਕਰਾਰ ਨਹੀਂ ਹੁੰਦਾ।

ਜੋ ਕਿਸੇ ਬਿਖਰੇ ਹੋਏ ਨੂੰ ਘੁੱਟ ਕੇ ਪਕੜ ਲਵੇ,
ਹਰ ਹੱਥ ਇਤਨਾ ਜ਼ਿੰਮੇਵਾਰ ਨਹੀਂ ਹੁੰਦਾ।
ਕੁਝ ਨਜ਼ਰਾਂ ਹੀ ਇੰਨੀਆਂ ਅਜੀਜ਼ ਲੱਗਣ,
ਉਨ੍ਹਾਂ ਨਜ਼ਰਾਂ ਤੋਂ ਹੀ ਸਕੂਨ ਮਿਲ ਜਾਂਦੇ,
ਕਿਸੇ ਦੌਲਤ ਦੇ ਹੱਥ ਇਹ ਇਖਤਿਆਰ ਨਹੀਂ ਹੁੰਦਾ......।

I always wonder...
Why you call it a withered flower.... ?
and ignore it.
I find it the most beautiful flower...lived its life fully...
bloomed.... distributed its fragrance to all,
no matter poor or rich... Big or small.
This flower lived a noble life.
Made many people smile.
While they were suffering and no one cared.
the fact...
"A thing of beauty is a joy for ever".
This flower proved it right.
Have you seen it's wrinkles?
Every wrinkle has a story written on it.
It saw weathers harsh and mild.
But never complained. Just bloomed and smiled.
Enjoyed HIS GRACE, ...
the dew drops ..
shining like pearls, on it looked bright.
Grateful to GOD.. with a twinkling pride.
Believe me. Every withered petal is a blessing.
Since it bloomed for others and always gave them a smile.
So what? If it's withered one now ...
It really lived a worthy life.... , .. bably

ਬਬਲੀ ਦੇ ਅੰਤਮ ਸਮਾਗਮ ਵਿੱਚ ਲੁਧਿਆਣੇ ਦੇ ਨਾਮਵਰ ਲੇਖਕਾਂ ਦੇ ਨਾਲ ਸ਼ਾਮਲ ਹੋ ਕੇ ਕੀਰਤਨ ਕਰ ਆਇਆਂ ਹਾਂ। ਗੁਰਬਾਣੀ ਦਾ ਇਹ ਫੁਰਮਾਨ ਵਾਰ ਵਾਰ ਯਾਦ ਆ ਰਿਹਾ ਹੈ-

**ਸੰਗੁ ਚਲਤ ਹੈ ਹਮ ਭੀ ਚਲਨਾਂ**

ਭੁੱਲ ਚੁਕ ਖਿਮਾਂ - ਜਾਗੀਰ ਸਿੰਘ

# ਗੁਰਮਤਿ ਸੰਗੀਤ ਵਿਚ ਰਾਗ ਬਿਹਾਗੜਾ

ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤਰਗਤ 31 ਮੁੱਖ ਰਾਗਾਂ ਵਿਚੋਂ ਰਾਗ ਬਿਹਾਗੜਾ ਦਾ ਸੱਤਵਾਂ ਸਥਾਨ ਹੈ। ਇਸ ਰਾਗ ਦੇ ਅੰਤਰਗਤ ਸਨਾਤਨੀ ਬਾਣੀ ਰੂਪ ਵਜੋਂ ਗੁਰੂ ਅਰਜਨ ਦੇਵ ਜੀ ਦਾ ਇਕ ਚਉਪਦਾ ਅਤੇ ਗੁਰੂ ਤੇਗ ਬਹਾਦਰ ਜੀ ਦੀ ਇਕ ਤਿਪਦਾ ਬਾਣੀ ਰਚਨਾ ਦਰਜ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਇਹ ਚਉਪਦਾ ਕਾਵਿਕ ਪਖੋਂ ਵਿਲਖਣਤਾ ਰਖਦਾ ਹੈ।

**ਦੂਤਨ ਸੰਗਰੀਆ॥ ਭੁਇਅੰਗਨਿ ਬਸਰੀਆ॥ ਅਨਿਕ ਉਪਰੀਆ॥ ॥**
**ਤਉ ਮੈ ਹਰਿ ਹਰਿ ਕਰੀਆ॥ ਤਉ ਸੁਖ ਸਹਜਰੀਆ॥ ॥ ਰਹਾਉ॥**
**ਮਿਥਨ ਮੋਹਰੀਆ॥ ਅਨ ਕਉ ਮੇਰੀਆ॥ ਵਿਚਿ ਘੂਮਨ ਘਿਰੀਆ॥ ॥**
**ਸਗਲ ਬਟਰੀਆ॥ ਬਿਰਖ ਇਕ ਤਰੀਆ॥ ਬਹੁ ਬੰਧਹਿ ਪਰੀਆ॥ ॥**
**ਥਿਰੁ ਸਾਧ ਸਫਰੀਆ॥ ਜਹ ਕੀਰਤਨੁ ਹਰੀਆ॥ ਨਾਨਕ ਸਰਨਰੀਆ॥ ॥ ॥**

ਗੁਰੂ ਤੇਗ ਬਹਾਦਰ ਜੀ ਦੀ ਪ੍ਰਸਿੱਧ ਪਦ ਰਚਨਾ ਇਸ ਪ੍ਰਕਾਰ ਹੈ:

**ਹਰਿ ਕੀ ਗਤਿ ਨਹਿ ਕੋਊ ਜਾਨੈ**
**ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥ ॥ ਰਹਾਉ॥**

ਇਸੇ ਤਰ੍ਹਾਂ ਉਕਤ ਬਾਣੀ ਤੋਂ ਇਲਾਵਾ ਗੁਰੂ ਰਾਮਦਾਸ ਜੀ ਦੀਆਂ ਰਸਿਕ ਛੰਤ ਰਚਨਾਵਾਂ ਲੋਕ ਬਾਣੀ ਦਾ ਉਤਮ ਨਮੂਨਾ ਹੈ।

**ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ**
**ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ॥**

ਬਿਹਾਗੜਾ ਰਾਗ ਅਧੀਨ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧ ਰਚਨਾ ਇਸ ਪ੍ਰਕਾਰ ਹੈ:

**ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ॥**
**ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ॥**

ਇਸ ਰਾਗ ਅਧੀਨ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਛੰਤ ਰਚਨਾਵਾਂ ਜਿਥੇ ਕਾਵਿਕ ਪਖੋਂ ਮਹੱਤਵਪੂਰਨ ਹਨ ਉਥੇ ਗਾਇਨ ਪਖੋਂ ਇਨ੍ਹਾਂ ਦਾ ਸੁਹਜ ਭਰਪੂਰ ਚਲਨ ਗਾਇਨ ਪਖੋਂ ਵਿਸ਼ਿਸ਼ਟਤਾ ਰਖਦਾ ਹੈ। ਹੁਣ ਕੀਰਤਨੀਆਂ ਲਈ ਇਹ ਧਿਆਨ ਦੇਣ ਯੋਗ ਗੁਰਮਤਿ ਸੰਗੀਤਕ ਨੁਕਤਾ ਹੈ ਕਿ ਅਸੀਂ ਛੰਤਾਂ ਨੂੰ ਇਨ੍ਹਾਂ ਦੀ ਮੂਲ ਗਾਇਨ ਸ਼ੈਲੀ ਅਨੁਸਾਰ ਗਾਇਨ ਕਰਕੇ ਹੀ ਇਨ੍ਹਾਂ ਦੀ ਮੌਲਿਕਤਾ ਕਾਇਮ ਰਖ ਸਕਦੇ ਹਾਂ। ਇਹ ਨਹੀਂ ਕਿ ਪਦਿਆਂ ਅਤੇ ਛੰਤ ਰਚਨਾਵਾਂ ਨੂੰ ਅਸੀਂ ਗੀਤ ਸ਼ੈਲੀ ਵਿਚ ਹੀ ਗਾਇਨ ਕਰਦੇ ਰਹੀਏ, ਇਸ ਨਾਲ ਗੁਰਮਤਿ ਸੰਗੀਤ ਦੀਆਂ ਇਨ੍ਹਾਂ ਵਿਸ਼ੇਸ਼ ਸ਼ੈਲੀਆਂ ਦੇ ਮੌਲਿਕ ਸਰੂਪ ਅਸੀਂ ਆਪ ਹੀ ਵਿਗਾੜ ਰਹੇ ਹੋਵਾਂਗੇ। ਰਾਗ ਬਿਹਾਗੜਾ ਵਿਚ ਮਹਲਾ ੪ ਦੀ ਵਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ ਰਚਨਾ ਹੈ।

ਰਾਗ ਬਿਹਾਗੜਾ ਨੂੰ ਦੇਸੀ ਸੰਗੀਤ ਪਰੰਪਰਾ ਤੋਂ ਵਿਕਸਤ ਰਾਗ ਮੰਨਿਆ ਜਾਂਦਾ ਹੈ ਜੋ ਬਿਹਾਗ ਅਤੇ ਖਮਾਜ ਦੀਆਂ ਸੁਰਾਵਲੀਆਂ ਦੇ ਸੁਰਾਤਮਕ ਸੰਯੋਜਨ ਤੋਂ ਸਰੂਪਿਤ ਹੁੰਦਾ ਹੈ। ਇਸ ਰਾਗ ਦੀਆਂ ਸੁਰਾਵਲੀਆਂ ਉਤਰੀ ਭਾਰਤੀ ਲੋਕ ਸੰਗੀਤ ਅਤੇ ਵਿਸ਼ੇਸ਼ ਕਰਕੇ ਪੰਜਾਬੀ ਲੋਕ ਸੰਗੀਤ ਪਰੰਪਰਾ ਦੀਆਂ ਲੋਕ ਸੰਗੀਤਕ ਰਚਨਾਵਾਂ ਵਿਚ ਸੁਣਨ ਨੂੰ ਮਿਲ ਜਾਂਦੀਆਂ ਹਨ। ਸੰਗੀਤ ਦੇ ਪੰਜਾਬ ਅੰਗ ਵਿਚ ਇਸ ਰਾਗ ਦਾ ਗਾਇਨ ਵਿਸ਼ੇਸ਼ ਰੂਪ ਵਿਚ ਖਿੜਦਾ ਹੈ।

ਸੰਗੀਤ ਵਿਦਵਾਨ ਪੰਡਤ ਤਾਰਾ ਸਿੰਘ ਨਰੋਤਮ ਨੇ ਇਸ ਰਾਗ ਦੀ ਉਤਪਤੀ ਮਾਰੂ ਅਤੇ ਕੇਦਾਰਾ ਰਾਗ ਤੋਂ ਪ੍ਰਵਾਨ ਕੀਤੀ ਹੈ। ਰਾਗ ਬਿਹਾਗੜਾ ਦੇ ਉਤਰੀ ਭਾਰਤੀ ਸੰਗੀਤ ਵਿਚ ਦੋ ਸਰੂਪ ਵਿਸ਼ੇਸ਼ ਤੌਰ ਤੇ ਪ੍ਰਚਲਿਤ ਹਨ। ਪਹਿਲੇ ਰੂਪ ਵਿਚ ਦੋਵੇਂ ਮਧਿਅਮ ਤੇ ਦੂਜੇ ਰੂਪ ਵਿਚ ਦੋਵੇਂ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਇਨ੍ਹਾਂ ਵਿਚੋਂ ਦੋਵੇਂ ਨਿਸ਼ਾਦ ਵਾਲਾ ਸਰੂਪ ਉਤਰੀ ਭਾਰਤੀ ਸੰਗੀਤ ਵਿਚ ਜ਼ਿਆਦਾ ਪ੍ਰਚਲਿਤ ਹੈ। ਗੁਰਮਤਿ ਸੰਗੀਤ ਪਰ ਹੁਣ ਤੱਕ

ਮਿਲੀ ਖੋਜ ਅਨੁਸਾਰ ਇਸ ਰਾਗ ਨੂੰ ਖਮਾਜ ਅੰਗ ਨਾਲ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਰਾਗ ਬਿਹਾਗੜਾ ਦਾ ਸਰੂਪ ਗਿਆਨੀ ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗ ਨਿਰਣਾਇਕ ਕਮੇਟੀ ਅਤੇ ਸਿੱਖ ਮਿਊਜ਼ੀਕਾਲੋਜੀ ਵਿਚ ਇਹ ਪ੍ਰਵਾਨ ਕੀਤਾ ਹੈ: ਬਿਲਾਵਲ ਥਾਟ ਤੋਂ ਉਤਪੰਨ ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਕੀਤੇ ਜਾਂਦੇ ਹਨ ਅਤੇ ਅਵਰੋਹ ਸੰਪੂਰਨ ਹੈ। ਇਸ ਪ੍ਰਕਾਰ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਰਾਗ ਦਾ ਵਾਦੀ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਬਿਹਾਗੜਾ ਰਾਗ ਨੂੰ ਬਿਲਾਵਲ ਥਾਟ ਦੇ ਅੰਤਰਗਤ ਰਖਦਿਆਂ ਰਾਗ ਬਿਹਾਗ ਵਿਚ ਕੋਮਲ ਨਿਸ਼ਾਦ ਅਤੇ ਤੀਬਰ ਮਧਿਅਮ ਦੁਰਬਲ ਕਰਕੇ ਬਿਹਾਗੜਾ ਰਾਗ ਦੀ ਰਚਨਾ ਸਵੀਕਾਰੀ ਹੈ। ਇਸ ਵਿਚ ਵਾਦੀ ਸੁਰ ਗੰਧਾਰ, ਸੰਵਾਦੀ ਕੋਮਲ ਨਿਸ਼ਾਦ ਅਤੇ ਅੰਤਰੇ ਵਿਚ ਸ਼ੁੱਧ ਨਿਸ਼ਾਦ ਦਾ ਪ੍ਰਯੋਗ ਦਸਦਿਆਂ ਗਾਉਣ ਦਾ ਸਮਾਂ ਮੱਧ-ਰਾਤ ਸਵੀਕਾਰਿਆ ਹੈ। ਇਸ ਰਾਗ ਦਾ ਆਰੋਹ : ਨੀ (ਮੰਦਰ ਸਪਤਕ) ਸ ਗ, ਮ ਪ ਨੀ ਸ (ਤਾਰ ਸਪਤਕ); ਅਵਰੋਹ : ਸ (ਤਾਰ ਸਪਤਕ) ਨੀ ਧ ਪ, ਨੀ (ਕੋਮਲ) ਧ ਪ, ਧ ਗ ਮ ਗ, ਰੇ ਸ; ਮੁੱਖ ਅੰਗ : ਗ ਮ ਪ, ਨੀ(ਕੋਮਲ) ਧ ਪ, ਧ ਗ ਮ ਗ, ਰੇ ਸ ਹੈ। ਇਸ ਤਰ੍ਹਾਂ ਇਸ ਦੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਹੈ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਕੀਤੀ ਜਾਂਦੀ ਹੈ।

ਗੁਰਮਤਿ ਸੰਗੀਤ ਦੀ ਰਾਗ ਧਿਆਨ ਪਰੰਪਰਾ ਅਨੁਸਾਰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਦੌਰਾਨ ਸੰਤ ਬਾਬਾ ਸੁੱਚਾ ਸਿੰਘ ਦੇ ਉੱਦਮ ਨਾਲ ਪ੍ਰਿੰਸੀਪਲ ਸਤਬੀਰ ਸਿੰਘ, ਲੇਖਕ ਅਤੇ ਸ੍ਰੀ ਬੋਧਰਾਜ ਦੇ ਭਰਵੇਂ ਵਿਚਾਰ ਵਟਾਂਦਰੇ ਉਪਰੰਤ ਰਾਗ ਬਿਹਾਗੜਾ ਦਾ ਇਹ ਚਿੱਤਰ ਵਿਸ਼ੇਸ਼ ਰੂਪ ਵਿਚ ਤਿਆਰ ਕਰਵਾਇਆ ਹੈ ਜੋ ਚਿਤਰਕਾਰ ਸ੍ਰੀ ਬੋਧਰਾਜ ਨੇ ਤਿਆਰ ਕੀਤਾ।

ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ ਜਿਨ੍ਹਾਂ ਵੱਖ-ਵੱਖ ਰਾਗਾਂ ਵਿਚ ਸ਼ਬਦ ਕੀਰਤਨ ਰਚਨਾਵਾਂ ਦੀ ਰਚਨਾ ਕਰਕੇ (ਕੰਪੋਜ਼ ਕਰਕੇ) ਸੁਰਲਿਪੀ ਬੱਧ ਰੂਪ (ਮਿਊਜ਼ਿਕ ਨੋਟੇਸ਼ਨ) ਤਿਆਰ ਕੀਤੀਆਂ ਹੈ। ਬਿਹਾਗੜਾ ਰਾਗ ਨੂੰ ਆਪਣੀ ਕਲਾ ਪ੍ਰਤਿਭਾ ਦੁਆਰਾ ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀ ਬੱਧ ਕਰਨ ਵਾਲੇ ਗੁਰਮਤਿ ਸੰਗੀਤਕਾਰਾਂ ਵਿਚੋਂ ਗਿਆਨ ਸਿੰਘ ਐਬਟਾਬਾਦ ਨੇ ਆਪਣੀ ਪੁਸਤਕ ਗੁਰਬਾਣੀ ਸੰਗੀਤ (ਭਾਗ ਪਹਿਲਾ, ਦੂਜਾ); ਪ੍ਰੋਫੈਸਰ ਤਾਰਾ ਸਿੰਘ ਨੇ ਆਪਣੀਆਂ ਪੁਸਤਕਾਂ ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਗੁਰੂ ਅਮਰਦਾਸ ਰਾਗ ਰਤਨਾਵਲੀ, ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ; ਸੰਤ ਸਰਵਣ ਸਿੰਘ ਗੰਧਰਵ ਨੇ ਆਪਣੀ ਪੁਸਤਕ ਸੁਰ ਸਿਮਰਨ ਸੰਗੀਤ (ਭਾਗ ਚੌਥਾ); ਭਾਈ ਅਵਤਾਰ ਸਿੰਘ - ਗੁਰਚਰਨ ਸਿੰਘ ਨੇ ਆਪਣੀ ਪੁਸਤਕ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ, ਦੂਜਾ); ਡਾ. ਗੁਰਨਾਮ ਸਿੰਘ ਨੇ ਆਪਣੀ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ; ਪ੍ਰੋ. ਕਰਤਾਰ ਸਿੰਘ ਨੇ ਆਪਣੀ ਪੁਸਤਕ ਗੁਰਬਾਣੀ ਸੰਗੀਤ ਦਰਪਣ; ਪ੍ਰਿੰਸੀਪਲ ਦਿਆਲ ਸਿੰਘ ਨੇ ਆਪਣੀ ਪੁਸਤਕ ਗੁਰਮਤਿ ਸੰਗੀਤ ਸਾਗਰ ਅਤੇ ਇਨ੍ਹਾਂ ਤੋਂ ਇਲਾਵਾ ਪ੍ਰੋਫੈਸਰ ਪਰਮਜੋਤ ਸਿੰਘ, ਹਰਮਿੰਦਰ ਸਿੰਘ ਅਤੇ ਹੋਰ ਸੁਰਲਿਪੀਕਾਰਾਂ ਨੇ ਇਸ ਰਾਗ ਵਿਚ ਵਿਸ਼ੇਸ਼ ਤੌਰ ਤੇ ਸ਼ਬਦ ਕੀਰਤਨ ਰਚਨਾਵਾਂ ਰਚੀਆਂ ਹਨ ਜੋ ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਵਿਰਾਸਤ ਦਾ ਵਡਮੁੱਲਾ ਸਰਮਾਇਆ ਹਨ।

ਰਾਗ ਬਿਹਾਗੜਾ ਵਿਚ ਵੱਖ-ਵੱਖ ਸ਼ਬਦ ਰਚਨਾਵਾਂ ਦਾ ਗਾਇਨ ਅਸੀਂ www.gurmatsangeetpup.com, www.sikh-relics.com, www.jawadditaksal.org, www.vismaadnaad.org ਵੈਬਸਾਈਟਸ ਤੋਂ ਸਰਵਣ ਕਰ ਸਕਦੇ ਹਾਂ। ਇਸ ਰਾਗ ਨੂੰ ਭਾਈ ਅਵਤਾਰ ਸਿੰਘ, ਭਾਈ ਬਖਸ਼ਿਸ਼ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਭਾਈ ਬਲਬੀਰ ਸਿੰਘ, ਭਾਈ ਗੁਰਮੇਲ ਸਿੰਘ, ਪ੍ਰੋ. ਕੁਲਵੰਤ ਸਿੰਘ ਚੰਦਨ, ਪ੍ਰੋ. ਪਰਮਜੋਤ ਸਿੰਘ ਅਤੇ ਡਾ. ਗੀਤਾ ਕੌਰ ਪੈਂਤਲ ਨੇ ਬਾਖੂਬੀ ਗਾਇਆ ਹੈ।

**ਬਾਨੀ, ਪ੍ਰੋਫੈਸਰ ਅਤੇ ਮੁੱਖੀ - ਗੁਰਮਤਿ ਸੰਗੀਤ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਭਲੇ ਅਮਰਦਾਸ ਗੁਣ ਤੇਰੇ

ਡਾ. ਹਰਨੇਕ ਸਿੰਘ ਕਲੇਰ

ਗੁਰੂ ਅਮਰ ਦਾਸ ਜੀ ਸਿੱਖਾਂ ਦੇ ਤੀਜੇ ਗੁਰੂ ਸਨ। ਬਚਪਨ ਤੋਂ ਹੀ ਆਪ ਧਰਮ ਦੇ ਧਾਰਨੀ ਸਨ। ਉਹਨਾਂ ਦਾ ਜਨਮ 5 ਮਈ 1479 ਨੂੰ ਪਿਤਾ ਤੇਜ ਭਾਨ ਭੱਲਾ ਖਤਰੀ ਤੇ ਮਾਤਾ ਲੱਛਮੀ ਦੇਵੀ ਦੇ ਘਰ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਆਪ ਹਰ ਸਾਲ ਧਾਰਮਿਕ ਸਥਾਨਾਂ ਦੀ ਯਾਤਰਾ ਤੇ ਜਾਂਦੇ ਸਨ। ਆਪਣੇ ਮਨ ਤੋਂ ਉਸ ਸਮੇਂ ਸਮਾਜ ਵਿੱਚ ਪ੍ਰਚਲਿਤ ਧਾਰਮਿਕ ਰਹੁ-ਰੀਤਾਂ ਕਰਦੇ ਸਨ। ਫੇਰ ਵੀ ਆਪ ਜੀ ਦੇ ਮਨ ਨੂੰ ਸ਼ਾਂਤੀ ਨਹੀਂ ਮਿਲਦੀ ਸੀ। ਇੱਕ ਵਾਰ ਆਪ ਧਾਰਮਿਕ ਸਥਾਨਾਂ ਦੀ ਯਾਤਰਾ ਕਰ ਰਹੇ ਸਨ ਕਿ ਉਹਨਾਂ ਦਾ ਮਿਲਾਪ ਇੱਕ ਸਾਧੂ ਨਾਲ ਹੋਇਆ। ਯਾਤਰਾ ਸਮੇਂ ਉਹ ਕੁਝ ਦਿਨ ਇਕੱਠੇ ਧਾਰਮਿਕ ਚਰਚਾ ਕਰਦੇ ਰਹੇ। ਉਹਨਾਂ ਨੇ ਇਕੱਠੇ ਆਪਣੇ ਹੱਥਾਂ ਨਾਲ ਭੋਜਨ ਪਕਾਇਆ ਅਤੇ ਛਕਿਆ। ਉਹ ਸਾਧੂ ਬਾਬਾ ਅਮਰ ਦਾਸ (ਗੁਰੂ ਅਮਰ ਦਾਸ ਜੀ) ਦੇ ਧਾਰਮਿਕ ਪ੍ਰਵਚਨਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਇੱਕ ਦਿਨ ਉਹਨਾਂ ਨੇ ਪੁੱਛਿਆ, ਮਹਾਰਾਜ ਜੀ ਆਪ ਜੀ ਦਾ ਗੁਰੂ ਕੌਣ ਹੈ? ਬਾਬਾ ਅਮਰ ਦਾਸ ਚੁੱਪ ਰਹੇ। ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਆਪ ਬੋਲੇ, ਮੈਂ ਤਾਂ ਗੁਰੂ ਦੀ ਭਾਲ ਵਿੱਚ ਹਾਂ। ਉਹਨਾਂ ਦੀ ਗੱਲ ਸੁਣ ਕੇ ਉਹ ਸਾਧੂ ਭੜਕ ਉੱਠਿਆ। ਏਨੇ ਦਿਨ ਮੈਂ ਨਿਗੁਰੇ ਦੇ ਨਾਲ ਰਹਿੰਦਾ ਰਿਹਾ। ਮੈਂ ਗੁਰੂ ਵਾਲਾ ਹਾਂ ਏਨੇ ਦਿਨ ਨਿਗੁਰੇ ਨਾਲ ਬੈਠ ਕੇ ਭੋਜਨ ਕਰਦਾ ਰਿਹਾਂ। ਮੇਰਾ ਤਾਂ ਧਰਮ ਭ੍ਰਿਸ਼ਟ ਹੋ ਗਿਆ। ਮੈਂ ਅਪਵਿੱਤਰ ਹੋ ਗਿਆ। ਮੈਨੂੰ ਤਾਂ ਦੁਬਾਰਾ ਤੀਰਥ ਇਸ਼ਨਾਨ ਕਰਨ ਲਈ ਜਾਣਾ ਪਵੇਗਾ। ਉਹ ਕੁਬੋਲ ਬੋਲਦਾ ਹੋਇਆ ਮੁੜ ਤੀਰਥ - ਯਾਤਰਾ ਲਈ ਚਲਾ ਗਿਆ।

ਬਾਬਾ ਅਮਰ ਦਾਸ ਜੀ (ਗੁਰੂ ਅਮਰ ਦਾਸ ਜੀ) ਆਪਣੇ ਘਰ ਬਾਸਰਕੇ ਪਹੁੰਚ ਗਏ। ਉਹ ਹਰ ਵਰ੍ਹੇ ਤੀਰਥਾਂ ਤੇ ਗੁਰੂ ਦੀ ਤਲਾਸ਼ ਵਿੱਚ ਗਏ ਸਨ ਪਰ ਉਹਨਾਂ ਨੂੰ ਮਨ ਇੱਛਾ ਅਨੁਸਾਰ ਗੁਰੂ ਨਹੀਂ ਮਿਲੇ ਸਨ। ਉਹ ਆਪਣੇ ਪਿੰਡ ਵਿਚਰਦੇ ਸਨ। ਉਹਨਾਂ ਦੇ ਦੋ ਪੁਤਰ ਮੋਹਨ ਤੇ ਮੋਹਰੀ ਤੇ ਦੋ ਧੀਆਂ ਬੀਬੀ ਭਾਨੀ ਤੇ ਦਾਨੀ ਸਨ। ਉਹਨਾਂ ਦੇ ਭਤੀਜੇ ਵਿਆਹੇ ਹੋਏ ਸਨ। ਇੱਕ ਦਿਨ ਅੰਮ੍ਰਿਤ ਵੇਲੇ ਬਾਬਾ ਅਮਰ ਦਾਸ ਆਪਣੇ ਘਰ ਤੋਂ ਤੁਰੇ ਤਾਂ ਉਹਨਾਂ ਦੇ ਭਰਾ ਦੇ ਘਰ ਵਿਚੋਂ ਉਹਨਾਂ ਦੇ ਭਤੀਜੇ ਦੀ ਗ੍ਰਹਿਣੀ ਬੀਬੀ ਅਮਰੋ ਦੀ ਬਹੁਤ ਮਿੱਠੀ ਧੁਨ ਵਿੱਚ ਸ਼ਬਦ ਗਾਉਂਣ ਦੀ ਅਵਾਜ਼ ਆ ਰਹੀ ਸੀ। ਸ਼ਬਦ ਸੁਣ ਕੇ ਉਹਨਾਂ ਦੇ ਮਨ ਨੂੰ ਸ਼ਾਂਤੀ ਆ ਗਈ। ਇਹ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਦੀ ਅਵਾਜ਼ ਸੀ। ਉਹ ਅਮਰ ਦਾਸ ਦੇ ਭਤੀਜੇ ਨੂੰ ਵਿਆਹੀ ਹੋਈ ਸੀ। ਦਿਨ ਚੜ੍ਹਨ ਤੋਂ ਬਾਅਦ ਬਾਬਾ ਜੀ ਭਰਾ ਦੇ ਘਰ ਗਏ। ਬੀਬੀ ਅਮਰੋ ਨੂੰ ਪੁੱਛਿਆ ਕਿ ਉਹ ਅੰਮ੍ਰਿਤ ਵੇਲੇ ਕਿਸ ਦੇ ਲਿਖੇ ਸ਼ਬਦ ਗਾ ਰਹੀ ਸੀ। ਬੀਬੀ ਜੀ ਨੇ ਦੱਸਿਆ ਪਿਤਾ ਜੀ ਇਹ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਹੈ। ਮੇਰੇ ਪਿਤਾ ਗੁਰੂ ਅੰਗਦ ਦੇਵ ਜੀ ਇਸ ਮੌਕੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਤੇ ਆਸੀਨ ਹੋ ਕੇ ਸਮਾਜ ਨੂੰ ਨਾਮ ਬਾਣੀ ਦੀਆਂ ਦਾਤਾਂ ਵੰਡ ਰਹੇ ਹਨ। ਅੱਜ ਕੱਲ੍ਹ ਪਿਤਾ ਗੁਰੂ ਅੰਗਦ ਦੇਵ ਜੀ ਦਾ ਟਿਕਾਣਾ ਖਡੂਰ ਸਾਹਿਬ ਵਿਖੇ ਹੈ। ਉੱਥੇ ਆਪ ਲੁਕਾਈ ਨੂੰ ਬਾਣੀ ਅਨੁਸਾਰ ਜੀਵਨ ਚਲਾਉਣ ਦੀ ਸਿੱਖਿਆ ਦਿੰਦੇ ਹਨ। ਮੈਂ ਕੁਝ ਦਿਨਾਂ ਤੱਕ ਉਹਨਾਂ ਦੇ ਦਰਸ਼ਨ ਕਰਨ ਲਈ ਜਾਣਾ ਹੈ।

ਧੀਏ ਜਦ ਤੂੰ ਖਡੂਰ ਸਾਹਿਬ ਜਾਵੇਗੀ, ਮੈਨੂੰ ਵੀ ਨਾਲ ਲੈ ਕੇ ਚੱਲੀਂ। ਮੈਂ ਵੀ ਉਸ ਰੱਬੀ-ਰੂਹ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ। ਉਹ ਸਾਧੂ ਤੋਂ ਆਪਣੇ ਆਪ ਨੂੰ ਨਿਗੁਰਾ ਸ਼ਬਦ ਸੁਣ ਕੇ ਗੁਰੂ ਵਾਲਾ ਬਣਨ ਦੀ ਤਾਂਘ ਰੱਖਦੇ ਸਨ। ਫੇਰ ਇੱਕ ਦਿਨ ਬਾਬਾ ਅਮਰ ਦਾਸ ਜੀ ਆਪਣੀ ਨੂੰਹ ਲੱਗਦੀ ਬੀਬੀ ਅਮਰੋ ਨਾਲ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਖਡੂਰ ਸਾਹਿਬ ਵਿੱਚ ਦਰਸ਼ਨ ਕਰਨ ਪਹੁੰਚ ਗਏ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰ ਕੇ ਉਹ ਉੱਥੇ ਦੇ ਹੀ ਹੋ ਕੇ ਰਹਿ ਗਏ। ਉਹਨਾਂ ਦੀ ਪਰਮਾਤਮਾ ਨਾਲ ਜੁੜੀ ਹੋਈ ਕਿਸੇ ਸ਼ਖਸੀਅਤ ਨੂੰ ਗੁਰੂ ਧਾਰਨ ਵਾਲੀ ਭਾਲ ਮੁੱਕ ਗਈ । ਉਹ ਉੱਥੇ ਹੀ ਗੁਰੂ ਦਰਬਾਰ ਵਿਚ ਚੱਲਦੇ ਨਾਮ -ਬਾਣੀ ਦੇ ਪ੍ਰਵਾਹ ਨਾਲ ਜੁੜ ਗਏ। ਉਸ ਸਮੇਂ ਉਹਨਾਂ ਦੀ ਉਮਰ ਲਗਪਗ ਇਕਾਹਟ ਵਰ੍ਹਿਆਂ ਦੀ ਸੀ। ਉਹ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦੀ ਸੇਵਾ ਕਰਨ ਲਈ ਖਡੂਰ ਸਾਹਿਬ ਹੀ ਰਹਿਣ ਲੱਗ ਪਏ। ਸਧਾਰਨ ਲੋਕ ਉਹਨਾਂ ਨੂੰ ਅਮਰੂ ਨਿਥਾਵਾਂ ਕਹਿੰਦੇ ਸਨ। ਉਹਨਾਂ ਨੇ ਬਾਰਾਂ ਸਾਲ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਬਿਆਸ ਦਰਿਆ ਤੋਂ ਜਲ ਦੀ ਗਾਗਰ ਭਰ ਕੇ ਲਿਆਉਣ ਦੀ

ਸੇਵਾ ਕੀਤੀ। ਇਹ ਸਿਮਰਨ ਤੇ ਸੇਵਾ ਦੀ ਕਠਿਨ ਤਪੱਸਿਆ ਸੀ। ਬਾਰਾਂ ਸਾਲ ਦੀ ਸੇਵਾ ਭਗਤੀ ਨਾਲ ਉਹ ਤਪ ਕੇ ਕੁੰਦਨ ਬਣ ਗਏ।

ਇੱਕ ਦਿਨ ਅੰਮ੍ਰਿਤ ਵੇਲੇ ਦੇ ਸਮੇਂ ਮੀਂਹ ਪੈ ਰਿਹਾ ਸੀ। ਬਾਬਾ ਅਮਰ ਦਾਸ ਜੀ ਬਿਆਸ ਦਰਿਆ ਤੋਂ ਜਲ ਦੀ ਗਾਗਰ ਲਈ ਆਉਂਦੇ ਹੋਏ ਰਸਤੇ ਵਿੱਚ ਪੈਂਦੀ ਇੱਕ ਜੁਲਾਹੇ ਦੀ ਖੱਡੀ ਖਾਤਰ ਤਾਣੀ ਤਣਨ ਲਈ ਗੱਡੇ ਹੋਏ ਕੀਲੇ ਵਿੱਚ ਅੜਕ ਕੇ ਡਿੱਗਣ ਲੱਗੇ ਪਰ ਸੰਭਾਲ ਗਏ। ਉਹਨਾਂ ਨੇ ਮੋਢੇ ਤੋਂ ਪਾਣੀ ਦੀ ਗਾਗਰ ਨਾ ਡਿਗਣ ਦਿੱਤੀ। ਕਿਸੇ ਦੇ ਡਿੱਗਣ ਕਾਰਨ ਘਰ ਅੰਦਰੋਂ ਅਵਾਜ਼ ਆਈ , ਕੌਣ? ਫੇਰ ਦੁਬਾਰਾ ਘਰ ਅੰਦਰੋਂ ਉਹੀ ਅਵਾਜ਼ ਆਈ, ਇਸ ਵੇਲੇ ਹੋਰ ਕੌਣ ਹੋ ਸਕਦਾ ਏ, ਅਮਰੂ ਨਿਥਾਵਾਂ ਹੋਣਾ ਏ। ਉਹ ਸਿਦਕੀ ਗੁਰੂ ਦਾ ਸਿੱਖ ਹਰ ਰੋਜ਼ ਦੀ ਤਰ੍ਹਾਂ ਗੁਰੂ ਜੀ ਦੇ ਦਰਬਾਰ ਵਿੱਚ ਪਹੁੰਚ ਗਿਆ। ਬਾਬਾ ਅਮਰ ਦਾਸ ਜੀ ਦੇ ਡਿਗਣ ਤੇ ਉਹਨਾਂ ਨੂੰ ਅਮਰੂ ਨਿਥਾਵਾਂ ਕਹੇ ਜਾਣ ਦੀ ਵਾਰਤਾ ਵੀ ਗੁਰੂ ਜੀ ਦੇ ਦਰਬਾਰ ਵਿੱਚ ਪਹੁੰਚ ਗਈ।

ਗੁਰੂ ਅੰਗਦ ਦੇਵ ਜੀ ਨੇ ਇਸ਼ਨਾਨ ਕੀਤਾ। ਰੋਜ਼ਾਨਾ ਦੀ ਤਰ੍ਹਾਂ ਗੁਰੂ ਜੀ ਦਾ ਦਰਬਾਰ ਸਜਿਆ। ਗੁਰੂ ਦੀ ਗੁਰਬਾਣੀ ਦਾ ਪ੍ਰਵਾਹ ਚੱਲਿਆ। ਸਾਰੇ ਸੇਵਕ ਆਪੋ ਆਪਣੀ ਸੇਵਾ ਕਰ ਰਹੇ ਸਨ ਤੇ ਗੁਰੂ ਜੀ ਦੇ ਪ੍ਰਵਚਨ ਸੁਣ ਰਹੇ ਸਨ। ਬਾਬਾ ਅਮਰ ਦਾਸ ਜੀ ਵੀ ਰੋਜ਼ਾਨਾ ਦੀ ਤਰ੍ਹਾਂ ਆਪਣੀ ਸੇਵਾ ਤੇ ਸਿਮਰਨ ਵਿੱਚ ਲੀਨ ਸਨ। ਬਾਬਾ ਅਮਰ ਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦਾ ਬੁਲਾਵਾ ਆ ਗਿਆ। ਉਹ ਗੁਰੂ ਦਰਬਾਰ ਵਿੱਚ ਉਹਨਾਂ ਦੇ ਸਨਮੁੱਖ ਜਾ ਖੜ੍ਹੇ। ਗੁਰੂ ਅੰਗਦ ਜੀ ਬਖ਼ਸ਼ਿਸ਼ ਕਰ ਰਹੇ ਸਨ। ਅੱਜ ਤੋਂ ਬਾਬਾ ਅਮਰ ਦਾਸ ਜੀ ਨਿਥਾਂਵਿਆਂ ਨੂੰ ਥਾਂ, ਨਿਆਸਰਿਆਂ ਨੂੰ ਆਸਰਾ ਦੇਣ ਵਾਲੇ ਤੇ ਨਿਧਿਰਿਆ ਦੀ ਧਿਰ ਹੋਣਗੇ। ਗੁਰੂ ਜੀ ਵਲੋਂ ਕੀਤੀਆਂ ਬਖਸ਼ਿਸ਼ਾਂ ਸੰਗਤਾਂ ਸੁਣ ਰਹੀਆਂ ਸਨ। ਬਾਬਾ ਅਮਰ ਦਾਸ ਜੀ ਨੇ ਝੁਕਦਿਆ- ਝੁਕਦਿਆ ਆਪਣਾ ਸਿਰ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿੱਚ ਰੱਖ ਦਿੱਤਾ। ਉਸ ਸਮੇਂ ਉਹਨਾਂ ਦੀ ਉਮਰ ਤਿਹੇਤਰ ਸਾਲ ਦੀ ਸੀ। ਸੰਗਤਾਂ ਨਾਲ ਭਰੇ ਹੋਏ ਦਰਬਾਰ ਵਿੱਚ ਗੁਰਿਆਈ ਦੀ ਰਸਮ ਹੋਈ। 1552 ਈ. ਵਿੱਚ ਬਾਬਾ ਅਮਰ ਦਾਸ ਜੀ , ਗੁਰੂ ਅਮਰ ਦਾਸ ਜੀ ਦੇ ਰੂਪ ਵਿੱਚ ਸੰਗਤਾਂ ਵਿੱਚ ਵਿਚਰਨ ਲੱਗੇ। ਉਹ ਆਪ ਗੁਰੂ ਵਾਲੇ ਬਣ ਕੇ ਗੁਰੂ ਦਰਬਾਰ ਵਿੱਚ ਆਈਆਂ ਸੰਗਤਾਂ ਨੂੰ ਤਾਰਨ ਲੱਗ ਪਏ।

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥

(ਚਲਦਾ)

**E-mail: drharnekkaler@gmail.com**

# ਪੁਸਤਕ ਰੀਵੀਊ : ਕਰਉ ਬੇਨੰਤੀਆ

ਲੇਖਕ : ਡਾ. ਜਾਗੀਰ ਸਿੰਘ
ਪ੍ਰਕਾਸ਼ਕ : ਭੁਜੰਗੀ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ
ਪੰਨੇ : 172
ਮੁੱਲ : 250/- ਰੁਪਏ
ਰੀਵਿਊਕਾਰ : ਪ੍ਰੋ. ਨਵ ਸੰਗੀਤ ਸਿੰਘ

ਡਾ. ਜਾਗੀਰ ਸਿੰਘ ਮੌਜੂਦਾ ਸਮੇਂ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਦੇ ਸੰਪਾਦਕ ਹਨ। ਇਸਤੋਂ ਪਹਿਲਾਂ ਉਨ੍ਹਾਂ ਨੇ ਕਈ ਮਹੱਤਵਪੂਰਣ ਅਹੁਦਿਆਂ ਤੇ ਗੰਭੀਰਤਾ ਨਾਲ ਕਾਰਜ ਕੀਤਾ। ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿੱਚ ਕੀਰਤਨ ਦੀ ਸੇਵਾ ਨਿਭਾਈ, ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਅਧਿਆਪਨ ਕੀਤਾ, ਪੰ.ਸ.ਸਿ.ਬੋਰਡ ਵਿੱਚ ਡਿਪਟੀ ਡਾਇਰੈਕਟਰ ਰਹੇ, ਪੰ.ਯੂ. ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਵਿੱਚ ਮੁਖੀ ਵਜੋਂ ਬਿਰਾਜਮਾਨ ਰਹੇ। ਰਾਗ-ਬੱਧ ਕੀਰਤਨ ਵਿੱਚ ਵਿਸ਼ੇਸ਼ ਮੁਹਾਰਤ ਬਦਲੇ ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਰਾਗੀ ਦਾ ਸਨਮਾਨ ਅਤੇ ਫਿਰ ਸੰਗੀਤ ਨਾਟਕ ਅਕਾਦਮੀ ਦਿੱਲੀ ਵੱਲੋਂ ਪੁਰਸਕ੍ਰਿਤ ਕੀਤਾ ਗਿਆ।

ਮੈਂ ਉਨ੍ਹਾਂ ਨੂੰ ਨਿੱਜੀ ਤੌਰ ਤੇ ਕਦੇ ਨਹੀਂ ਮਿਲਿਆ। ਹਾਂ, ਉਨ੍ਹਾਂ ਦੇ ਦੋਵੇਂ ਛੋਟੇ ਭਰਾਵਾਂ ਡਾ. ਬਚਿੱਤਰ ਸਿੰਘ ਅਤੇ ਡਾ. ਗੁਰਨਾਮ ਸਿੰਘ ਦੇ ਅੰਗਸੰਗ ਰਿਹਾ ਹਾਂ। ਉਨ੍ਹਾਂ ਦੇ ਸਤਿਕਾਰਤ ਪਿਤਾ ਜੀ ਭਾਈ ਉੱਤਮ ਸਿੰਘ ਪਤੰਗ (ਸ਼੍ਰੋਮਣੀ ਰਾਗੀ) ਦੇ ਵੀ ਦਰਸ਼ਨ ਕੀਤੇ ਹਨ।

ਡਾ. ਜਾਗੀਰ ਸਿੰਘ ਨੇ ਤਿੰਨ ਵਿਸ਼ਿਆਂ (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਵਿੱਚ ਐਮਏ ਅਤੇ 'ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ' ਵਿਸ਼ੇ ਤੇ ਪੀਐਚ.ਡੀ. ਕੀਤੀ ਹੈ। ਉਹ ਲੰਮੇ ਸਮੇਂ ਤੋਂ 'ਅੰਮ੍ਰਿਤ ਕੀਰਤਨ' ਪੱਤ੍ਰਿਕਾ ਪ੍ਰਕਾਸ਼ਿਤ ਕਰ ਰਹੇ ਹਨ, ਜਿਸ ਵਿੱਚ ਗੁਰਮਤਿ, ਗੁਰਬਾਣੀ, ਗਾਇਨ ਤੇ ਕੀਰਤਨ ਆਦਿ ਵਿਸ਼ਿਆਂ ਤੇ ਵਧੀਆ ਲੇਖ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਤੇ ਸਭ ਤੋਂ ਵੱਡੀ ਗੱਲ ਇਸ ਦੀ ਸੰਪਾਦਕੀ 'ਕਰਉ ਬੇਨੰਤੀਆ' ਸਿਰਲੇਖ ਹੇਠ ਲਿਖੀ ਜਾਂਦੀ ਹੈ।

ਰੀਵਿਊ ਅਧੀਨ ਪੁਸਤਕ ਇਨ੍ਹਾਂ ਮੁਖ਼ਤਲਿਫ਼ ਸੰਪਾਦਕੀਆਂ ਦਾ ਸੰਗ੍ਰਹਿ ਹੈ। ਇਸ ਪੁਸਤਕ ਵਿੱਚ ਕੁੱਲ 77 ਲੇਖ ਹਨ, ਜੋ ਵੱਖ ਵੱਖ ਵਿਚਾਰਾਂ, ਵਿਸ਼ਿਆਂ ਦੀ ਨਿਸ਼ਾਨਦੇਹੀ ਕਰਦੇ ਹਨ। ਮਹਿਜ਼ 1-2 ਪੰਨਿਆਂ ਤੱਕ ਸੀਮਿਤ ਇਹ ਲੇਖ ਪੜ੍ਹਨ ਵਿੱਚ ਤਾਂ ਸੌਖੇ ਹਨ ਹੀ, ਨਾਲ ਨਾਲ ਇਹ ਸਾਨੂੰ ਉਚੇਰੀ ਤੇ ਚੰਗੇਰੀ ਜੀਵਨ ਜਾਚ ਪ੍ਰਤੀ ਵੀ ਜਾਗਰੂਕ ਕਰਦੇ ਹਨ। ਇਨ੍ਹਾਂ ਲੇਖਾਂ ਦੇ ਸਿਰਲੇਖ ਸੁਚੱਜਤਾ, ਆਦਰਸ਼, ਨਿਮਰਤਾ, ਪ੍ਰੇਮ, ਮਿੱਤਰਤਾ, ਮਿਲਵਰਤਣ ਆਦਿ ਦੇ ਭਾਵਾਂ ਨੂੰ ਪ੍ਰਤਿਬਿੰਬਤ ਕਰਦੇ ਹਨ। ਇਸ ਪੁਸਤਕ ਵਿੱਚ ਸ਼ਾਮਲ ਕੁਝ ਲੇਖਾਂ ਦੇ ਸਿਰਲੇਖ ਵੇਖੋ - ਉਸਤਤ, ਸੁਚੱਜ, ਥਿਰੁ ਘਰਿ ਬੈਸਹੁ, ਆਓ ਅੱਗ ਬੁਝਾਈਏ, ਬੰਨ੍ਹਿ ਉਠਾਈ ਪੋਟਲੀ, ਅਪਨਾ ਗੁਨ ਨ ਗਵਾਵੈ, ਮੇਰਾ ਮਨੁ ਆਲਸੀਆ ਉਘਲਾਨਾ, ਸੋ ਸੁਨ ਰੇ ਭਾਈ, ਗੁਰਮੁਖ ਬੁਢੇ ਕਦੇ ਨਾਹੀ, ਪਉੜੀਆਂ, ਮਿਤ ਰ ਪਿਆਰੇ ਨੂੰ, ਪ੍ਰਭ ਡੋਰੀ ਹਾਥ ਤੁਮਾਰੇ, ਦੁਖ ਕੀਆ ਪੰਡਾ ਖੁਲੀਆ, ਵੇਖ ਕੇ ਅਣਡਿਠ ਕੀਤਾ, ਡਰਿ ਡਰਿ ਡਰਨਾ ਮਨ ਕਾ ਸੋਰ, ਦਿਲਹੁ ਮੁਹਬਤਿ ਜਿਨ, ਨਾਨਕ ਮਨ ਸਮਝਾਈਐ, ਜੀਤ ਲਏ ਉਇ ਮਹਾ ਬਿਖਾਦੀ, ਜਿਨਾ ਖਾਧੀ ਚੋਪੜੀ, ਦੋਸ ਨ ਕਾਹੂ ਦੀਜੀਐ, ਸ਼ੁਕਰਾਨਾ, ਵਾਦ ਵਿਵਾਦ, ਬੋਲ ਚਾਲ, ਧੰਨ ਨਾਨਕ ਤੇਰੀ ਵਡੀ ਕਮਾਈ, ਜਿਨਾ ਰਾਸਿ ਨਾ ਸਚੁ ਹੈ, ਗਾਵੀਐ ਸੁਣੀਐ ਮਨ ਰਖੀਐ ਭਾਉ, ਐਸਾ ਕੀਰਤਨ ਕਰ ਮਨ ਮੇਰੇ, ਹਰਿ ਜੀਉ ਹੰਕਾਰ ਨਾ ਭਾਵਈ, ਲੋੜੈ ਦਾਖ ਬਿਜਉਰੀਆ, ਆਪਨੜੈ ਗਿਰੀਵਾਨ ਮੈ, ਵਾਟ ਹਮਾਰੀ ਖਰੀ ਉਡੀਣੀ, ਇਹ ਤੇਲ ਦੀਵਾ ਇਉ ਜਲੈ, ਇਤਿਆਦਿ। ਇਨ੍ਹਾਂ ਵਿੱਚ ਕਰੀਬ ਤੀਜਾ ਹਿੱਸਾ ਸਿਰਲੇਖ ਗੁਰਬਾਣੀ ਦੀਆਂ ਪੰਕਤੀਆਂ ਤੇ ਆਧਾਰਿਤ ਹਨ।

ਪੁਸਤਕ ਦੇ ਸਾਰੇ ਲੇਖ ਹੀ ਪ੍ਰੇਰਨਾਦਾਇਕ, ਅਗਾਂਹਵਧੂ ਤੇ ਜੀਵਨ ਜਾਚ ਨਾਲ ਵਾਬਸਤਾ ਹਨ। ਇਨ੍ਹਾਂ ਵਿੱਚ ਪ੍ਰਸੰਸਾ, ਪ੍ਰੇਮ, ਸ਼ੁਕਰਾਨਾ, ਵਡਿਆਈ ਤੇ ਆਸ਼ਾ ਦੀ ਝਲਕ ਨਜ਼ਰ ਆਉਂਦੀ ਹੈ। ਨਾਂਹਵਾਚੀ ਜਾਂ ਨਾਕਾਰਾਤਮਕ

ਨੁਕਤਿਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਵੱਡੀ ਤੇ ਖ਼ੁਸ਼ਗਵਾਰ ਗੱਲ ਇਹ ਹੈ ਕਿ ਲੇਖਕ ਨੇ ਹਰ ਲੇਖ ਵਿੱਚ ਗੁਰਬਾਣੀ ਦਾ ਸੁਹਜਾਤਮਕ ਪ੍ਰਯੋਗ ਕੀਤਾ ਹੈ। ਇਸ ਪ੍ਰਥਾਇ ਕੁਝ ਉਦਾਹਰਣਾਂ ਪ੍ਰਾਸੰਗਿਕ ਹਨ :
ਕਈ ਵਾਰ ਮਨੁੱਖ ਦੇ ਬਾਹਰਲੇ ਹਾਲਾਤ ਉਹੀ ਰਹਿੰਦੇ ਹਨ ਪਰ ਉਹ ਮਨ ਦੀ ਬਿਰਤੀ ਕਰਕੇ ਹੀ ਚੰਗਾ ਜਾਂ ਬੁਰਾ ਬਣ ਜਾਂਦਾ ਹੈ।
ਮਨ ਦੀ ਭੁੱਖ ਨਾਲ ਖਾਧਾ ਤਾਂ ਪੇਟ ਵਧਾਏਗਾ, ਬਦਫੈਲੀ ਕਰਵਾਏਗਾ, ਤਨ ਨੂੰ ਰੋਗੀ ਬਣਾਏਗਾ।
ਔਗੁਣ ਨਾ ਚਿਤਾਰਨੇ ਅਤੇ ਬੁਰੇ ਦਾ ਭਲਾ ਕਰਨਾ ਇਹ ਬੜੇ ਔਖੇ ਗੁਣ ਹਨ।

ਇਹ ਪੁਸਤਕ ਸਧਾਰਨ ਹੁੰਦਿਆਂ ਵੀ ਅਸਧਾਰਨ ਹੈ। ਸਰਵਰਕ ਉੱਤੇ ਇੱਕ ਗੁਰਮੁਖ ਸਾਜ਼ਿੰਦੇ ਦਾ ਰੰਗੀਨ ਚਿੱਤਰ ਹੈ। ਹਲਕੇ ਕਾਗਜ਼ ਤੇ ਪ੍ਰਕਾਸ਼ਿਤ ਇਸ ਕਿਤਾਬ ਦੇ ਮੁੱਢ ਵਿੱਚ ਭੂਮਿਕਾ (ਮੇਰੀ ਗੱਲ, ਡਾ. ਜਾਗੀਰ ਸਿੰਘ) ਅਤੇ ਮੁੱਖਬੰਧ (ਨਰੋਈ ਲਿਖਤ, ਜਗਤਾਰਜੀਤ ਸਿੰਘ) ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਪੜ੍ਹਨਯੋਗ, ਮਾਣਨਯੋਗ, ਗ੍ਰਹਿਣਯੋਗ ਤੇ ਸੰਭਾਲਣਯੋਗ ਇਸ ਪੁਸਤਕ ਦਾ ਹਾਰਦਿਕ ਸਵਾਗਤ ਹੈ।

# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.
(9417692015)

# ਸੁਰ ਸਾਧਨ ਦੇ ਨਿਯਮ

ਸੰਤ ਸਰਵਨ ਸਿੰਘ ਗੰਧਰਬ ਡਮੇਲੀ ਵਾਲੇ

1. ਸੁਰ ਨੂੰ ਬੜੀ ਧੀਮੀ ਆਵਾਜ਼ ਨਾਲ ਗਲੇ ਚੋਂ ਕਢਣਾ ਚਾਹੀਦਾ ਹੈ ਅਤੇ ਆਵਾਜ਼ ਨੂੰ 'ਸਾ' ਸੁਰ ਨਾਲ ਮਿਲਾਉਣ ਦਾ ਜਤਨ ਕਰਨਾ ਚਾਹੀਦਾ ਹੈ ।

2. 'ਸਾ' ਬੋਲਣ ਸਮੇਂ ਆਪਣੇ ਸਾਹ ਨੂੰ ਲੰਮਾਂ ਖਿੱਚ ਕੇ ਪੂਰੀ ਤਰ੍ਹਾਂ ਭਰ ਲੈਣਾ ਚਾਹੀਦਾ ਹੈ ਅਤੇ ਹੌਲੀ-ਹੌਲੀ ਆਵਾਜ਼ ਰਾਹੀਂ ਸਾਹ ਨੂੰ ਛੱਡਣਾ ਚਾਹੀਦਾ ਹੈ । ਜਿੰਨੀ ਦੇਰ ਤਕ ਸਾਹ ਖ਼ਤਮ ਨਾ ਹੋਵੇ ਓਨੀ ਦੇਰ ਤਕ ਆਵਾਜ਼ ਕਢਦੇ ਰਹਿਣਾ ਹੈ । ਖਿਆਲ ਰਹੇ ਕਿ ਆਵਾਜ਼ ਅਡੋਲ ਅਤੇ ਸਾਫ਼ ਹੋਣੀ ਚਾਹੀਦੀ ਹੈ ।

3. ਗਾਇਕ ਦਾ ਸਾਹ ਵਧ ਤੋਂ ਵਧ ਲੰਮਾ ਹੋਣਾ ਚਾਹੀਦਾ ਹੈ । ਗਾਇਕ ਆਪਣਾ ਸਾਹ (ਦਮ) ਜਿੰਨਾ ਲੰਮਾ ਕਰੇਗਾ ਓਨਾ ਹੀ ਸੰਗੀਤ ਦੇ ਖੇਤਰ ਵਿਚ ਉਸ ਨੂੰ ਲਾਭ ਪ੍ਰਾਪਤ ਹੋਵੇਗਾ । ਲੰਮੇ ਸਾਹ ਵਾਲਾ ਗਾਇਕ ਹੀ ਧਰੁਪਦ, ਖ਼ਿਆਲ ਅਤੇ ਠੁਮਰੀ ਆਦਿ ਕਈ ਪ੍ਰਕਾਰ ਦੇ ਗੀਤ ਗਾ ਸਕਦਾ ਹੈ ਅਤੇ ਸਪਾਟ ਤਾਨ ਲਗਾਉਣੀ ਵੀ ਉਸ ਲਈ ਬਹੁਤ ਆਸਾਨ ਹੁੰਦੀ ਹੈ ।

4. ਆਵਾਜ਼ ਕੱਢਣ ਵਿਚ ਕਈ ਪ੍ਰਕਾਰ ਦੇ ਦੋਸ਼ ਹੁੰਦੇ ਹਨ ਜਿਹਨਾਂ ਨੂੰ 'ਸੁਰ ਦੋਸ਼' ਆਖਿਆ ਜਾਂਦਾ ਹੈ । ਇਸ ਲਈ ਸੁਰ ਦੋਸ਼ਾਂ ਤੋਂ ਬਚਣਾ ਬਹੁਤ ਜ਼ਰੂਰੀ ਹੈ ।

ਇਹ ਦੋਸ਼ ਇਸ ਤਰ੍ਹਾਂ ਹਨ : --ਆਵਾਜ਼ ਦਾ ਭੜ-ਭੜਾਉਣਾ, ਸੁਰ ਦਾ ਕੰਬਣਾ, ਨੱਕ ਵਿਚ ਬੋਲਣਾ, ਸੰਘ ਘੁਟ ਕੇ ਬੋਲਣਾ, ਆਪਣੇ ਆਪ ਦਾਦਰ ਕੰਠੀ ਬਨਾਉਣ ਦਾ ਜਤਨ ਕਰਨਾ, ਆਵਾਜ਼ ਨੂੰ ਧੱਕੇ ਨਾਲ ਲਾਉਣਾ ਅਤੇ ਆਵਾਜ਼ ਨੂੰ ਹਿੱਕ ਦੇ ਜੋਰ ਨਾਲ ਬਾਹਰ ਕਢਣਾ ਆਦਿ ।

5. ਉਂਝ ਤੇ ਸਪਤਕ ਵਿਚ 'ਸਾ' ਦੇ ਨਾਲ ਪੰਜ ਆਵਾਜ਼ਾਂ ਹੋਰ ਵੀ ਹਨ, ਜਿਵੇਂ ਕਿ ਸਾ ਗ, ਮ, ਪ ਤੇ ਧ, ਪਰ ਸਾਰੀਆਂ ਆਵਾਜ਼ਾਂ ਨੂੰ ਛੱਡ ਕੇ ਸਭ ਤੋਂ ਪਹਿਲਾਂ 'ਸਾ' ਦੀ ਆਵਾਜ਼ ਨੂੰ ਹੀ ਸਿੱਧ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਹੀ ਵਧ ਤੋਂ ਵਧ ਮਿੱਠਾ ਅਤੇ ਸੁਰੀਲਾ ਬਣਾਉਣਾ ਚਾਹੀਦਾ ਹੈ ।

ਉਸਤਾਦ ਲੋਕਾਂ ਦਾ ਆਖਣਾ ਹੈ ਕਿ ਕੇਵਲ ਇਕ 'ਸਾ' ਮਿਲਾਉਣਾ ਹੀ ਪੂਰਨ ਤੌਰ ਤੇ ਸਿੱਖ ਲਿਆ ਜਾਵੇ ਤਾਂ ਸੰਗੀਤ ਸੁਰਾਂ ਦਾ ਬਹੁਤ ਸਾਰਾ ਗਿਆਨ ਹੋ ਜਾਂਦਾ ਹੈ ।

6. ਆਵਾਜ਼ ਖੁਲ੍ਹੇ ਆਕਾਰ ਵਿਚ ਕਢਣੀ ਚਾਹੀਦੀ ਹੈ। ਜਿਸ ਤਰ੍ਹਾਂ ਕੰਨੇ ਦੀ ਆਵਾਜ਼ 'ਆ' ਹੁੰਦੀ ਹੈ ਇਸ ਲਈ ਉਸੇ ਆਵਾਜ਼ ਨੂੰ ਸਹਮਣੇ ਰਖ ਕੇ ਅਭਿਆਸ ਕੀਤਾ ਜਾਣਾ ਚਾਹੀਦਾ ਹੈ । 'ਸਾ' ਜਾਂ ਕੰਨੇ ਦੀ ਆਵਾਜ਼ 'ਆ' ਇਕੋ ਗੱਲ ਹੈ ।

ਆਵਾਜ਼ ਹਮੇਸ਼ਾ ਗਲੇ ਵਿਚੋਂ ਸਾਫ ਅਤੇ 'ਆ' ਵਿਚ ਨਿਕਲਣੀ ਚਾਹੀਦੀ ਹੈ । ਅ, ੲ, ੳ, ਏ ਆਦਿ ਦੋਸ਼ ਪੂਰਣ ਆਵਾਜ਼ਾਂ ਨਹੀਂ ਕਢਣੀਆਂ ਚਾਹੀਦੀਆਂ।

7. ਜਿੱਥੇ ਅਸੀਂ ਆਕਾਰ ਨਾਲ ਆਵਾਜ਼ ਦੀ ਸਾਧਨਾ ਕਰਦੇ ਹਾਂ ਉੱਥੇ ਨਾਲ-ਨਾਲ ਸਰਗਮਾਂ ਦੀ ਮਿਹਨਤ ਵੀ ਆਰੋਹ-ਅਵਰੋਹ ਰਾਹੀਂ ਕਰਨੀ ਬੇ-ਹੱਦ ਜ਼ਰੂਰੀ ਹੈ।

ਅਸੀਂ ਵਿਦਿਆਰਥੀਆਂ ਨੂੰ, ਇਹ ਸਲਾਹ ਦੇਵਾਂਗੇ ਕਿ ਜੇਕਰ ਜ਼ਿਆਦਾ ਨਹੀਂ ਤਾਂ ਘਟੋ ਘਟ 10 ਅਲੰਕਾਰਾਂ ਦੀ ਅਭਿਆਸ ਤਾਂ ਜ਼ਰੂਰ ਹੀ ਕਰਨਾ ਚਾਹੀਦਾ ਹੈ । ਜਿਹਨਾਂ ਗਾਇਕਾਂ ਨੇ 32 ਅਲੰਕਾਰਾਂ ਦੀ ਸਾਧਨਾਂ ਕੀਤੀ ਹੈ ਅਤੇ ਜਿਹੜੇ ਕੇਵਲ 10 ਅਲੰਕਾਰਾਂ ਦੀ ਸਾਧਨਾਂ ਕਰਦੇ ਰਹੇ ਹਨ, ਉਸ ਦਾ ਫਰਕ ਦੋਹਾਂ ਦੀ ਗਾਇਕੀ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ :

9. ਇਕ ਅੱਛਾ ਗਾਇਕ ਬਣਨ ਲਈ ਜਿੱਥੇ 'ਮਧ ਸਪਤਕ' ਦੀ ਸਾਧਨਾਂ ਜ਼ਰੂਰੀ ਹੈ ਉੱਥੇ 'ਮੰਦਰ ਸਪਤਕ' ਦਾ ਅਭਿਆਸ ਵੀ ਬੇ-ਹੱਦ ਲੋੜੀਂਦਾ ਹੈ । ਮੇਰੀ ਨਿਜੀ ਰਾਇ ਹੈ ਕਿ 'ਮੰਦਰ ਸਪਤਕ' ਨੂੰ ਸਾਧਨਾ ਬਹੁਤ ਜ਼ਿਆਦਾ ਲਾਭਦਾਇਕ ਰਹਿੰਦਾ ਹੈ, ਕਿਉਂਕਿ ਅਸੀਂ ਇਹ ਆਪ ਕੀਤਾ ਹੈ ਅਤੇ ਕਰਵਾ ਕੇ ਵੀ ਵੇਖਿਆ ਹੈ । ਇਸ ਤੇ ਕੋਈ ਵੀ ਵਿਅਕਤੀ ਕਿੰਤੂ ਨਹੀਂ ਕਰ ਸਕਦਾ ।

10. ਸੁਰ ਨੂੰ ਸ਼ੁਰੂ ਕਰਨ ਦਾ ਟਿਕਾਣਾ ਵਿਦਿਆਰਥੀ ਦੀ ਆਵਾਜ਼ ਉੱਪਰ ਨਿਰਭਰ ਕਰਦਾ ਹੈ, ਕਿਉਂਕਿ ਕਈਆਂ ਦੀ ਆਵਾਜ਼ ਪਹਿਲੇ ਚਿੱਟੇ ਸੁਰ ਉੱਪਰ, ਕਈਆਂ ਦੀ ਪਹਿਲੇ ਕਾਲੇ ਸੁਰ ਉੱਪਰ ਅਤੇ ਬਹੁਤ ਸਾਰਿਆਂ ਦੀ ਦੂਜੇ ਕਾਲੇ

ਸੁਰ ਉੱਪਰ ਲਗਦੀ ਹੈ । ਇਸ ਲਈ ਜਿਸ ਵਿਦਿਆਰਥੀ ਦੀ ਆਵਾਜ਼ ਜਿਸ ਸੁਰ ਉੱਪਰ ਠੀਕ ਤਰ੍ਹਾਂ ਨਾਲ ਲਗੇ ਉੱਥੇ ਹੀ ਉਸ ਨੂੰ ਆਪਣਾ ਆਧਾਰ ਬਣਾ ਲੈਣਾ ਚਾਹੀਦਾ ਹੈ ।

ਸਾਡੇ ਵਿਚਾਰ ਅਨੁਸਾਰ ਲੜਕੀਆਂ ਲਈ ਚੌਥਾ ਕਾਲਾ, ਪੰਜਵਾਂ ਕਾਲਾ ਜਾਂ ਫਰ ਅਠਵਾਂ ਚਿੱਟਾ ਸੁਰ ਵੀ ਰਖਿਆ ਜਾ ਸਕਦਾ ਹੈ। ਪਰ ਇਹ ਪਛਾਣ ਵਿਦਿਆਰਥੀ ਲਈ ਆਪ ਕਰਨੀ ਬੜੀ ਔਖੀ ਹੈ ਅਤੇ ਇਹ ਪਛਾਣ ਠੀਕ ਤਰੀਕੇ ਨਾਲ ਕੋਈ ਪੂਰਾ ਉਸਤਾਦ ਹੀ ਕਰਵਾ ਸਕਦਾ ਹੈ ।

11. ਅਸੀਂ ਉੱਪਰ ਦਸ ਆਏ ਹਾਂ ਕਿ ਆਵਾਜ਼ ਬੜੀ ਧੀਮੀ ਸ਼ੁਰੂ ਕਰੋ। ਪਰ ਜਿੱਥੇ ਅਸੀਂ ਆਵਾਜ਼ ਨੂੰ ਨਰਮੀ ਨਾਲ ਲਾਉਣ ਲਈ ਆਖਿਆ ਹੈ ਉਥੇ ਆਵਾਜ਼ ਭਰਵੀਂ, ਬੁਲੰਦ ਅਤੇ ਲੰਮੀ ਵੀ ਹੋਣੀ ਚਾਹੀਦੀ ਹੈ। ਜੇਕਰ ਤੁਸੀਂ ਆਵਾਜ਼ ਦੀ ਬੁਲੰਦੀ ਨੂੰ ਰੋਕ ਕੇ ਗਲੇ ਨੂੰ ਘੁਟਣ ਦਾ ਜਤਨ ਕਰੋਗੇ ਤਾਂ ਤੁਹਾਡੀ ਆਵਾਜ਼ ਸੁੰਦਰ ਅਤੇ ਸੁਰੀਲੀ ਬਣਨ ਦੀ ਬਜਾਏ ਕੁਰੱਖਤ ਅਤੇ ਕਠੋਰ ਹੋ ਜਾਵੇਗੀ।

12. ਆਕਾਰ ਰਾਹੀਂ ਜਦ ਤੁਸੀਂ ਆਵਾਜ਼ ਨੂੰ ਸਿੱਧ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਸ਼ੁਧ ਸੁਰਾਂ ਦੀ ਸਰਗਮ ਉੱਪਰ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਇਸ ਨੂੰ ਬਿਲਾਵਲ ਥਾਟ ਦੀ ਆਖਦੇ ਹਨ।

13. ਸਪਾਟ ਤਾਨ ਅਤੇ ਸ਼ੁਧ ਤਾਨ ਦਾ ਅਭਿਆਸ ਜਿੰਨਾਂ ਵੀ ਹੋ ਸਕੇ ਓਨਾ ਹੀ ਥੋੜ੍ਹਾ ਹੈ ।

14. ਵਿਦਿਆਰਥੀ ਨੂੰ ਆਪਣੀ ਨਿਜੀ ਰਾਇ ਛੱਡ ਕੇ ਕਿਸੇ ਚੰਗੇ ਉਸਤ ਦ ਦੀ ਸੰਗਤ ਕਰਨੀ ਚਾਹੀਦੀ ਹੈ ਕਿਉਂਕਿ ਇਕ ਚੰਗਾ ਟੀਚਰ ਹੀ ਇਸ ਵਿਦਿਆ ਵਿਚ ਨਿਪੁੰਨ ਬਣਾ ਸਕਦਾ ਹੈ ।

15. ਅਭਿਆਸ ਹਮੇਸ਼ਾ ਤਬਲੇ ਦੇ ਨਾਲ ਕਰਨਾ ਚਾਹੀਦਾ ਹੈ । ਇਸ ਤਰ੍ਹਾਂ ਅਭਿਆਸ ਦੌਰਾਨ ਵਿਦਿਆਰਥੀ ਜਿੱਥੇ 'ਸੁਰਾਂ' ਦੇ ਗਿਆਨ ਵਿਚ ਅਗੇ ਵਧਦਾ ਹੈ ਉੱਥੇ ਤਬਲੇ ਦੀ ਸੰਗਤ ਨਾਲ ਉਹ ਤਾਲ ਦਾ ਵੀ ਧਨੀ ਹੋ ਜਾਂਦਾ ਹੈ। ਕਿਉਂਕਿ ਸੁਰ ਗਿਆਨ ਦੇ ਨਾਲ-ਨਾਲ ਤਾਲ ਦਾ ਗਿਆਨ ਹੋਣਾ ਵੀ ਬਹੁਤ ਜ਼ਰੂਰੀ ਹੈ।

16. ਜਿਹੜਾ ਵਿਦਿਆਰਥੀ ਸੁਰ ਗਿਆਨ ਤੋਂ ਕੋਰਾ ਹੈ ਉਹ ਤਾਨਪੁਰਾ ਸੁਰ ਕਰਕੇ ਤਾਨਪੁਰੇ ਨਾਲ ਸੁਰ ਅਭਿਆਸ ਨਹੀਂ ਕਰ ਸਕਦਾ। ਇਸ ਲਈ ਅਜਿਹੇ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਹਾਰਮੋਨੀਅਮ ਦਾ 'ਖ਼ਰਜ ਪੰਚਮ' ਦਬਾ ਕੇ ਉਸ ਨਾਲ ਸੁਰ ਦੀ ਸਾਧਨਾ ਕਰਨ ਅਤੇ ਉਪਰ ਦਸੇ ਨਿਯਮ ਦੀ ਪੂਰੀ ਤਰ੍ਹਾਂ ਪਾਲਣਾ ਕਰਨ । ਇਸ ਤਰੀਕੇ ਨਾਲ ਉਹਨਾਂ ਨੂੰ ਪੂਰੀ ਤਰ੍ਹਾਂ ਸੁਰ ਗਿਆਨ ਹੋ ਸਕਦਾ ਹੈ ।

ਜੇਕਰ ਤੁਸੀਂ ਕੇਵਲ ਕੀਰਤਨ ਸਿੱਖਣਾ ਹੈ ਤਾਂ ਹਾਰਮੋਨੀਅਮ ਦੇ ਨਾਲ ਹੀ ਅਭਿਆਸ ਕਰਨਾ ਕਾਹੀਦਾ ਹੈ ਅਤੇ ਜੋ ਸੰਗੀਤ ਦੀ ਉਚੇਰੀ ਵਿਦਿਆ (ਕਲਾਸੀਕਲ) ਪ੍ਰਾਪਤ ਕਰਨੀ ਹੈ ਤਾਂ ਉਸ ਦੇ ਲਈ ਹਾਰਮੋਨੀਅਮ ਛੱਡ ਕੇ ਤਾਨਪੁਰੇ ਨਾਲ ਰਿਆਜ਼ ਕਰਨਾ ਹੋਵੇਗਾ।

17. ਚੇਤੇ ਰਹੇ ਕਿ ਬੇਸੁਰੇ ਤਾਨਪੁਰੇ ਨਾਲ ਕਦੀ ਵੀ ਅਭਿਆਸ ਨਾ ਕੀਤਾ ਜਾਵੇ ਕਿਉਂਕਿ ਬੇਸੁਰਾ ਤਾਨਪੁਰਾ ਤੁਹਾਡੇ ਸੁਰ ਨੂੰ ਵੀ ਬੇਸੁਰਾ ਬਣਾ ਦੇਵੇਗਾ ਅਤੇ ਬੇਸੁਰੀ ਆਵਾਜ਼ ਨੂੰ ਦੁਬਾਰਾ ਸੁਰ ਵਿਚ ਲਿਆਉਣਾ ਮੁਸ਼ਕਿਲ ਹੀ ਨਹੀਂ ਬਲਕਿ ਕਾਫੀ ਹੱਦ ਤਕ ਨਾਮੁਮਕਿਨ ਵੀ ਹੈ ।

18. ਵਿਦਿਆਰਥੀ ਨੂੰ ਆਪਣੇ ਅਕੀਦੇ ਦਾ ਪੱਕਾ ਹੋਣਾ ਚਾਹੀਦਾ ਹੈ ਅਤੇ ਉਸ ਦੀ ਪ੍ਰਵਿਰਤੀ ਗੁਰੂ ਸਾਹਿਬ ਦੇ ਚਰਨਾਂ ਵਿਚ ਜੁੜੀ ਹੋਈ ਹੋਣੀ ਚਾਹੀਦੀ ਹੈ ਤਾਂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਛਤਰ ਛਾਇਆ ਹੇਠ ਉਹ ਸੰਗੀਤ ਦੇ ਮੈਦਾਨ ਵਿਚ ਅਗੇ ਵਧ ਸਕੇ ।

19. ਗਾਉਣ ਲਗਿਆਂ ਆਪਣੀ ਮੁਦਰਾ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਮੂੰਹ ਵਿਗਾੜ ਕੇ, ਦੰਦ ਪੀਹ ਕੇ ਜਾਂ ਹੱਥ ਪੈਰ ਹਿਲਾ ਕੇ ਗਾਉਣਾ ਦੋਸ਼ ਪੂਰਣ ਹੈ ।

20. ਗਾਉਣ ਲਗਿਆਂ ਸ਼ਬਦ ਦੇ ਸ਼ੁੱਧ ਉਚਾਰਨ ਵਲ ਵੀ ਧਿਆਨ ਦੇਣਾ ਚਾਹੀਦਾ ਹੈ । ਜੇਕਰ ਸ਼ਬਦਾਂ ਦਾ ਉਚਾਰਣ ਸ਼ੁੱਧ ਨਹੀਂ ਹੋਵੇਗਾ ਤਾਂ ਸਰੋਤਿਆਂ ਨੂੰ ਸ਼ਬਦਾਂ ਦੀ ਸਮਝ ਨਹੀਂ ਆਏਗੀ ਅਤੇ ਉਹ ਤੁਹਾਡੇ ਗਾਇਨ ਦਾ ਰਸ ਪ੍ਰਾਪਤ ਨਹੀਂ ਕਰ ਸਕਣਗੇ ।

21. ਬਹੁਤੀ ਜਗ੍ਹਾ ਤੇ ਤੁਸੀਂ ਇਹ ਲਿਖਿਆ ਹੋਇਆ ਪੜ੍ਹੋਗੇ ਕਿ 'ਮਧ ਸਪਤਕ' ਦੇ ਸੁਰਾਂ ਉੱਪਰ ਹੀ ਅਭਿਆਸ ਕਰਨਾ ਚਾਹੀਦਾ ਹੈ। ਪਰ ਇਥੇ ਇਹ ਪ੍ਰਸ਼ਨ ਉਠਦਾ ਹੈ ਕਿ ਵਿਦਿਆਰਥੀ ਨੂੰ 'ਮਧ ਸਪਤਕ' ਦਾ ਪਤਾ ਕਿਸ ਤਰ੍ਹਾਂ ਲਗੇ ? ਇਸ ਲਈ ਮਧ ਸਪਤਕੋ ਦਾ ਗਿਆਨ ਹੋਣਾ ਅਤੀ ਜ਼ਰੂਰੀ ਹੈ ।

ਮਧ ਸਪਤਕ ਨੂੰ ਸਮਝਣਾ ਕੋਈ ਔਖੀ ਗੱਲ ਨਹੀਂ। 'ਮਧ' ਨਾਮ ਹੈ ਦਰਮਿਆਨ ਦਾ ਜਿਸ ਨੂੰ ਅੰਗਰੇਜ਼ੀ ਵਿਚ 'ਸੈਂਟਰ' ਆਖਿਆ ਜਾਂਦਾ ਹੈ । ਇਸ ਲਈ ਆਵਾਜ਼ ਦੇ 'ਸੈਂਟਰੋ ਨੂੰ ਹੀ' ਮਧ ਸਪਤਕ ਆਖਿਆ ਜਾਂਦਾ ਹੈ ।
ਆਦਮੀ ਦੀ ਆਵਾਜ਼ ਦਾ ਸੈਂਟਰ ਵਾਜੇ ਦੇ ਪਹਿਲੇ ਚਿੱਟੇ ਸੁਰ ਤੋਂ ਅਠਵੇਂ ਚਿੱਟੇ ਸੁਰ ਤਕ ਹੁੰਦਾ ਹੈ ਜਦ ਕਿ ਇਸਤਰੀ ਦੀ ਆਵਾਜ਼ ਦਾ 'ਸੈਂਟਰ' ਵਾਜੇ ਦੇ ਚੌਥੇ ਕਾਲੇ ਸੁਰ ਤੋਂ ਦਸਵੀਂ ਕਾਲੇ ਸੁਰ ਤਕ ਹੋ ਸਕਦਾ ਹੈ । ਇਹਨਾਂ ਵਿਚਕਾਰਲੀਆਂ ਸੁਰਾਂ ਨੂੰ ਹੀ 'ਮਧ ਸਪਤਕ' ਆਖਿਆ ਜਾਂਦਾ ਹੈ ।
ਇਸ ਤਰ੍ਹਾਂ ਵਾਜੇ ਦੇ ਪਹਿਲੇ ਚਿੱਟੇ ਸੁਰ ਤੋਂ ਚੌਥੋਂ ਕਾਲੇ ਸੁਰ ਤਕ ਦੇ ਵਿਚਕਾਰਲੇ ਕਿਸੇ ਵੀ ਸੁਰ ਨੂੰ 'ਸਾ' ਮੰਨਿਆ ਜਾ ਸਕਦਾ ਹੈ। ਇਸ ਦੇ ਲਈ ਇਕ ਹੋਰ ਮਿਸਾਲ ਇਸ ਤਰ੍ਹਾਂ ਹੈ। ਚੌਥੇ ਕਾਲੇ ਸੁਰ ਤੋਂ ਅਠਵੇਂ ਚਿੱਟੇ ਸੁਰ ਦੇ ਵਿਚਕਾਰਲੇ ਸਾਰੇ ਸੁਰਾਂ ਚੋਂ ਕਿਸੇ ਵੀ ਸੁਰ ਨੂੰ 'ਸਾ' ਮੰਨਿਆ ਜਾ ਸਕਦਾ ਹੈ ।
22. ਜਦ ਕੋਈ 'ਰਾਗ' ਜਾਂ ਸ਼ਬਦ ਸਿਖਣਾ ਹੋਵੇ ਤਾਂ ਸਭ ਤੋਂ ਪਹਿਲਾਂ ਸੁਰ ਲਿਪੀ ਨੂੰ ਪਕਾ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਭਲੀ ਪ੍ਰਕਾਰ ਯਾਦ ਕਰਨ ਉਪਰੰਤ ਸਬੰਧਤ ਸੁਰਾਂ ਉੱਪਰ ਸ਼ਬਦ ਲਗਾ ਕੇ ਅਭਿਆਸ ਕਰਨਾ ਚਾਹੀਦਾ ਹੈ। ਨਾਲ ਹੀ ਹਥ ਨਾਲ ਤਾਲੀ ਦੇਣ ਦਾ ਅਭਿਆਸ ਵੀ ਕੀਤਾ ਜਾਣਾ ਚਾਹੀਦਾ ਹੈ । ਜੇਕਰ ਸਰਗਮ ਯਾਦ ਕਰਨ ਤੋਂ ਬਿਨਾਂ ਸ਼ਬਦ ਸਿੱਖਣ ਦੀ ਕੋਸ਼ਿਸ਼ ਕੀਤੀ ਗਈ ਤਾਂ ਰਾਗ ਜਾਂ 'ਸ਼ਬਦ' ਸਿਖਣ ਵਿਚ ਕਚਿਆਈ ਰਹਿ ਜਾਵੇਗੀ। ਸ਼ਬਦ ਜਿਸ ਤਾਲ ਵਿਚ ਹੋਵੇ ਉਸ ਤਾਲ ਦੇ ਮਾਤਰਿਆਂ ਅਨੁਸਾਰ ਪਹਿਲੇ ਇਕ ਟੁਕੜੇ ਨੂੰ ਅੱਛੀ ਪਰ੍ਹਾ ਯਾਦ ਕਰ ਲੈਣਾ ਚਾਹੀਦਾ ਹੈ । ਇਸ ਪਿਛੋਂ ਦੂਜਾ ਟੁਕੜਾ ਸ਼ੁਰੂ ਕਰਨਾ ਚਾਹੀਦਾ ਹੈ।
ਜਿਵੇਂ ਕਿ ਤਿੰਨ ਤਾਲ ਵਿਚ 16 ਮਾਤਰੇ ਹੁੰਦੇ ਹਨ ਅਤੇ ਇਕ ਆਵਰਤਨ ਭਾਵ ਚੱਕਰ 16 ਮਾਤਰਿਆਂ ਨਾਲ ਪੂਰਾ ਹੁੰਦਾ ਹੈ । ਇਸ ਲਈ 16 ਮਾਤਰਿਆਂ ਦਾ ਇਕ ਚੱਕਰ ਪੂਰੀ ਤਰ੍ਹਾਂ ਯਾਦ ਕਰਕੇ ਫੇਰ ਦੂਜਾ ਚੱਕਰ ਸ਼ੁਰੂ ਕਰਨਾ ਚਾਹੀਦਾ ਹੈ। ਇਸ ਵਿਚ ਜਲਦੀ ਨਹੀਂ ਕਰਨੀ ਚਾਹੀਦੀ ।
23. ਲੈਅ ਅਤੇ ਤਾਲ ਦਾ ਧਿਆਨ ਰੱਖਣਾ ਵੀ ਬਹੁਤ ਜ਼ਰੂਰੀ ਹੈ । ਲੈਅ ਦੀ ਚਾਲ ਇਕੋ ਹੋਣੀ ਚਾਹੀਦੀ ਹੈ । ਇਹ ਕਦੀ ਤੇਜ਼ ਅਤੇ ਕਦੀ ਹੌਲੀ ਨਹੀਂ ਹੋਣੀ ਚਾਹੀਦੀ ਹੈ ।
24. ਸ਼ਬਦ ਨੂੰ ਵਾਜੇ ਉਪਰ ਸਿਖਣ ਤੋਂ ਪਹਿਲਾਂ ਜ਼ਬਾਨ ਯਾਦ ਕਰਨਾ ਚਾਹੀਦਾ ਹੈ। ਇਸ ਪਿੱਛੋਂ ਹੀ ਸਰਗਮ ਅਤੇ ਤਾਲ ਚਿੰਨ੍ਹਾਂ ਨੂੰ ਧਿਆਨ ਨਾਲ ਦੇਖ ਕੇ ਅਤੇ ਯਾਦ ਕਰਕੇ ਵਾਜੇ ਉੱਪਰ ਕਢਦਾ ਚਾਹੀਦਾ ਹੈ।

('ਅੰਮ੍ਰਿਤ ਕੀਰਤਨ' ਮਾਰਚ 1991 ਵਿੱਚੋਂ)

# ਉਘੇ ਲੇਖਕ ਅਤੇ ਮਹਾਨ ਸੰਗੀਤਕਾਰ: ਡਾ. ਦੇਵਿੰਦਰ ਕੌਰ



ਸ਼ਾਸਤਰੀ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਡਾ. ਦੇਵਿੰਦਰ ਕੌਰ ਕਿਸੇ ਜਾਣ ਪਹਿਚਾਣ ਦੇ ਮੁਹਥਾਜ ਨਹੀ। ਗਿਆਨੀ ਜਗਤ ਸਿੰਘ (ਸੂਰਮੇ ਕੀਰਤਨਕਾਰ), ਪ੍ਰੇਮ ਸਿੰਘ ਪਤੰਗਾ ਤਬਲਾ ਵਾਦਕ, ਸ. ਜਗਜੀਤ ਸਿੰਘ ਵਾਇਲਨ ਵਾਦਕ ਅਤੇ 'ਰਾਮ ਬੈਂਡ' ਦੀਆਂ ਸੰਗੀਤਮਈ ਧੁਨਾਂ ਨੇ ਉਨ੍ਹਾਂ ਦੇ ਬਾਲ ਮਨ ਤੇ ਅਜਿਹੀ ਸੰਗੀਤਕ ਚੋਟ ਮਾਰੀ ਕਿ ਬਾਅਦ ਵਿਚ ਸ਼ਾਸਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਾਂਤੀ ਸਾਜ਼ ਸਿਤਾਰ ਵਾਦਨ ਵਿਚ ਨਿਪੁੰਨਤਾ ਹਾਸਿਲ ਕਰਨ ਲਈ ਉਹ ਪ੍ਰੋ. ਤਾਰਾ ਸਿੰਘ, ਪ੍ਰੋ. ਨਰਿੰਦਰ ਨਰੂਲਾ, ਪ੍ਰੋ. ਸ਼ਮਸ਼ੇਰ ਸਿੰਘ ਕਰੀਰ, ਸ੍ਰੀਮਤੀ ਇਕਬਾਲ ਕੌਰ, ਮਿਸ ਸੰਤੋਸ਼ ਭਟਨਾਗਰ ਅਤੇ ਮਿਸ ਸੁਦੇਸ਼ ਸਿਆਲ ਤੋਂ ਸੰਗੀਤ ਦੀ ਨਿਰਵਿਘਨ ਤਾਲੀਮ ਲੈਂਦੇ ਰਹੇ। ਸੰਨ 1992 ਵਿਚ ਸੰਗੀਤ ਦੇ ਖੇਤਰ ਵਿਚ ਇੰਦਰਾ ਕਲਾ ਸੰਗੀਤ ਵਿਸ਼ਵ ਵਿਦਿਆਲਿਯਾ, ਖੈਰਾਗੜ੍ਹ (ਮ.ਪ੍ਰ.) ਤੋਂ ਡਾ. ਇੰਦ੍ਰਾਣੀ ਚਕਰਵਰਤੀ ਦੀ ਨਿਗਰਾਨੀ ਅਧੀਨ ਪੀਐਚ.ਡੀ. ਦੀ ਡਿਗਰੀ ਹਾਸਿਲ ਕਰਨ ਵਾਲੀ ਦੇਵਿੰਦਰ ਕੌਰ ਨੇ ਆਪਣੀ ਸਾਰੀ ਉਮਰ ਸੰਗੀਤ ਨੂੰ ਹੀ ਸਮਰਪਿਤ ਕਰ ਦਿਤੀ।

ਵਿਰਾਸਤੀ ਸ਼ਹਿਰ ਪਟਿਆਲਾ ਵਿਚ ਸ. ਜਵਾਹਰ ਸਿੰਘ ਅਤੇ ਮਾਤਾ ਬਸੰਤ ਕੌਰ ਦੇ ਘਰ 23 ਜੁਲਾਈ, ਸੰਨ 1956 ਨੂੰ ਜਨਮੀ ਡਾ. ਦੇਵਿੰਦਰ ਕੌਰ ਨੇ 24 ਜੂਨ, 1992 ਤੋਂ 29 ਫਰਵਰੀ, 2016 ਤੱਕ ਬਤੌਰ ਪ੍ਰੋਫ਼ੈਸਰ ਅਤੇ ਮੁਖੀ, ਮਿਊਜ਼ਿਕ ਇੰਸਟਰੂਮੈਂਟਲ ਵਿਭਾਗ ਵਜੋਂ ਸੇਵਾਵਾਂ ਨਿਭਾਈਆਂ। ਇਸ ਸਮੇਂ ਦੌਰਾਨ ਇਨ੍ਹਾਂ ਦੀ ਸੁਚੱਜੀ ਅਗਵਾਈ ਅਤੇ ਮਿਹਨਤ ਸਦਕਾ ਵਿਦਿਆਰਥੀਆਂ ਦੀਆਂ ਯੁਵਕ ਮੇਲਿਆਂ ਦੌਰਾਨ ਅੰਤਰ ਵਰਸਿਟੀ ਮੁਕਾਬਲਿਆਂ ਤੱਕ ਜ਼ਿਕਰਯੋਗ ਪ੍ਰਾਪਤੀਆਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਦਰਜ ਰਹਿਣਗੀਆਂ।

ਡਾ. ਦੇਵਿੰਦਰ ਕੌਰ ਨੇ ਅਨੇਕ ਪੁਸਤਕਾਂ ਸੰਗੀਤ ਜਗਤ ਦੀ ਝੋਲੀ ਪਾਈਆਂ ਜਿਨ੍ਹਾਂ ਵਿਚੋਂ ਸੰਗੀਤ ਪਰਿਚੈ ਭਾਗ-1 ਅਤੇ 2, ਵਾਦਨ ਸੰਗੀਤ ਪਰਿਚੈ, ਸੰਗੀਤ ਅਧਿਐਨ, ਸੰਗੀਤ ਸੁਬੋਧ ਗਾਇਨ ਭਾਗ-1, 2 ਅਤੇ 3, ਸੰਗੀਤ ਸੁਬੋਧ ਵਾਦਨ ਭਾਗ-1, 2 ਅਤੇ 3, ਸੰਗੀਤ ਰੂਪ ਭਾਗ ਪਹਿਲਾ, ਦੂਜਾ ਅਤੇ ਤੀਜਾ, ਸੰਗੀਤ ਦੀ ਸਿਖਿਆ ਵਿਚ ਮਨੋਵਿਗਿਆਨਕ ਸਿਧਾਤਾਂ ਦਾ ਪ੍ਰਯੋਗ, ਸੰਸਥਾਗਤ ਸੰਗੀਤ ਸਿਖਿਆ, ਭਾਰਤੀ ਸੰਗੀਤ ਸਵਰਲਿਪੀ ਪਧਤੀ ਇਤਿਹਾਸਕ ਸਰਵੇਖਣ, ਗਾਇਨਾਚਾਰਿਆ ਪੰਡਿਤ ਵਿਸ਼ਨੂ ਦਿਗੰਬਰ ਦੁਆਰਾ ਰਚਿਤ ਪੁਸਤਕਾਂ ਦਾ ਵਿਵੇਚਨ, ਸੰਗੀਤਾਚਾਰਯ ਪੰਡਿਤ ਵਿਸ਼ਨੂ ਨਾਰਾਇਣ ਭਾਤਖੰਡੇ, ਮੈਂ ਤੇ ਮੇਰਾ ਸੰਗੀਤਕ ਸਫਰ, Basic concepts of Hindustani music ਆਦਿ। ਇਨ੍ਹਾਂ ਵਿਚੋਂ ਕਈ ਪੁਸਤਕਾਂ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਦੇ ਵਿਦਿਆਰਥੀਆਂ ਲਈ ਲਾਹੇਬੰਦ ਸਾਬਿਤ ਹੋ ਰਹੀਆਂ ਹਨ ਅਤੇ ਯੂਨੀਵਰਸਿਟੀ ਦੇ ਪਾਠਕ੍ਰਮ ਵਿਚ ਨਿਰਧਾਰਿਤ ਹਨ। ਵਰਨਣਯੋਗ ਹੈ ਕਿ ਆਪ ਜੀ ਦੀ ਪੁਸਤਕ ਸੰਗੀਤ ਰੂਪ ਭਾਗ ਪਹਿਲਾ, ਦੂਜਾ ਅਤੇ ਤੀਜਾ ਦਾ ਪੰਜਾਬੀ ਅਤੇ ਹਿੰਦੀ ਐਡੀਸ਼ਨ ਪੰਜਾਬ ਅਤੇ ਦੂਜੇ ਰਾਜਾਂ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਪੜ੍ਹਾਇਆ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਨਜ਼ਮ ਸੰਗ੍ਰਹਿ 'ਨਗਮਾਤ-ਏ-ਰੂਹ', ਕਾਵਿ ਸੰਗ੍ਰਹਿ 'ਖਵਾਹਿਸ਼ੇਂ' ਅਤੇ 'ਫੁੱਲ ਸੱਧਰਾਂ ਦੇ' ਪੁਸਤਕ ਵੀ ਕਾਵਿ ਪ੍ਰੇਮੀਆਂ ਦੀ ਝੋਲੀ ਪਾਈਆਂ ਹਨ।

ਯੂ.ਜੀ.ਸੀ. ਅਤੇ ਐਮ.ਐਚ.ਆਰ.ਡੀ. ਵਲੋਂ ਇਕ ਸਾਂਝੇ ਪ੍ਰੋਜੈਕਟ ਤਹਿਤ ਉਨ੍ਹਾਂ ਵਲੋਂ ਸੰਨ 2011 ਤੋਂ 2015 ਦੌਰਾਨ ਅੰਗਰਜ਼ੀ ਭਾਸ਼ਾ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਜੂਕੇਸ਼ਨਲ ਮਲਟੀ ਮੀਡੀਆ ਰੀਸਰਚ ਸੈਂਟਰ ਰਾਂਹੀ 87 ਵੀਡਿਉ ਲੈਕਚਰ ਰਿਕਾਰਡ ਕੀਤੇ ਗਏ। ਇਹ ਲੈਕਚਰ ਯੂ.ਜੀ.ਸੀ. ਦੀ ਵੈਬਸਾਈਟ www.cec.nic.in ਅਤੇ ਯੂ. ਟਿਊਬ ਤੇ ਉਪਲਬਧ ਹਨ ਅਤੇ ਟੈਲੀਵਿਜ਼ਨ ਦੇ ਵਿਆਸ ਐਜੂਕੇਸ਼ਨਲ ਚੈਨਲ ਤੋਂ ਵੀ ਪ੍ਰਸਾਰਿਤ ਕੀਤੇ ਗਏ। ਡਾ. ਦੇਵਿੰਦਰ ਕੌਰ ਨੇ ਅਨੇਕ ਖੋਜ ਪੱਤਰ ਵੀ ਲਿਖੇ ਜਿਨ੍ਹਾਂ ਨੂੰ 'ਸਮਾਜਿਕ ਵਿਗਿਆਨ ਪੱਤਰ, ਸਭਿਆਚਾਰ ਪੱਤ੍ਰਿਕਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ), 'ਸੰਗੀਤ' (ਹਿੰਦੀ ਮਾਸਕ ਪੱਤ੍ਰਿਕਾ, ਸੰਗੀਤ ਕਾਰਯਾਲਯ, ਹਾਥਰਸ) ਸਮੇਤ ਯੂ.ਜੀ.ਸੀ. ਵਲੋਂ ਮਾਨਤਾ ਪ੍ਰਾਪਤ ਜਰਨਲਜ਼ ਵਿਚ ਪ੍ਰਮੁੱਖਤਾ ਨਾਲ ਛਾਪਿਆ

ਗਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਕਾਸ਼ਿਤ 'ਬਾਲ ਵਿਸ਼ਵ ਕੋਸ਼' ਅਤੇ 'ਗੁਰਮਤਿ ਸੰਗੀਤ ਸੰਦਰਭ ਕੋਸ਼' ਲਈ 101 ਇੰਟਰੀਆਂ ਲਿਖੀਆਂ। ਉਨ੍ਹਾਂ ਨੇ ਅਨੇਕ ਰਾਸ਼ਟਰੀ / ਅੰਤਰ ਰਾਸ਼ਟਰੀ ਸੈਮੀਨਾਰਾਂ / ਕਾਨਫਰੰਸਾਂ / ਵਰਕਸ਼ਾਪਾਂ ਵਿਚ ਭਾਗ ਲਿਆ ਅਤੇ ਖੋਜ ਭਰਪੂਰ ਪਰਚੇ ਪੜੇ। ਉਨ੍ਹਾਂ ਨੇ ਵੱਖ-ਵੱਖ ਯੂਨੀਵਰਸਿਟੀਆਂ ਵਿਚ ਚੱਲ ਰਹੇ ਰਿਫਰੈਸ਼ਰ ਕੋਰਸਾਂ ਵਿਚ ਸ਼ਿਰਕਤ ਕਰਕੇ ਰਿਸੋਰਸ ਪਰਸਨ ਵਜੋਂ ਯਾਦਗਾਰੀ ਲੈਕਚਰ ਕੀਤੇ। ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਉਹ ਵਿਜ਼ਿਟਿੰਗ ਫੈਕਲਟੀ ਵਜੋਂ ਵੀ ਕਾਰਜਸ਼ੀਲ ਰਹੇ ਅਤੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੇ ਨਾਲ ਨਾਲ ਤਾਂਤੀ ਸਾਜਾਂ ਦੀ ਤਾਲੀਮ ਦਿੰਦੇ ਰਹੇ।

ਡਾ. ਦੇਵਿੰਦਰ ਕੌਰ ਅਨੇਕ ਸਭਾਵਾਂ ਦੇ ਮੈਂਬਰ ਰਹੇ ਜਿਵੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੋਸਟ ਗ੍ਰੈਜੂਏਟ ਸਟੱਡੀਜ਼ ਇਨ ਮਿਊਜ਼ਿਕ, ਬੋਰਡ ਆਫ਼ ਅੰਡਰ ਗ੍ਰੈਜੂਏਟ ਸਟੱਡੀਜ਼ ਇਨ ਮਿਊਜ਼ਿਕ, ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ ਦੇ ਬੋਰਡ ਆਫ਼ ਅੰਡਰ ਗ੍ਰੈਜੂਏਟ ਸਟੱਡੀਜ਼ ਇਨ ਮਿਊਜ਼ਿਕ, ਪੰਜਾਬ ਸਕੂਲ ਸਿਖਿਆ ਬੋਰਡ ਦੇ ਵਿਸ਼ਾ ਮਾਹਿਰ ਕਮੇਟੀ ਦੇ ਮੈਂਬਰ, ਓਂਟਾਰੀਓ ਫਰੈਡਜ਼ ਕਲੱਬ ਕਨੇਡਾ, ਇੰਟਰਨੈਸ਼ਨਲ ਸਰਬ ਸਾਂਝਾ ਕਾਵਿ ਦਰਬਾਰ ਰਾਮਗੜ੍ਹੀਆ ਸਿਖ ਫਾਊਂਡੇਸ਼ਨ ਆਫ਼ ਓਂਟਾਰੀਓ ਕਨੇਡਾ, ਸਰਬ ਅਕਾਲ ਮਿਊਜ਼ਿਕ ਸੁਸਾਇਟੀ ਆਫ਼ ਕੈਲਗਰੀ ਕਨੇਡਾ, ਸਰਬ ਅਕਾਲ ਰਾਈਟਰਜ਼ ਕਲੱਬ ਕਨੇਡਾ, ਪ੍ਰੇਰਣਾ ਦਰਪਣ ਨਵੀਂ ਦਿੱਲੀ, ਰਾਸ਼ਟਰੀਯ ਵਰਿਸ਼ਠ ਨਾਗਰਿਕ ਕਵਿਯ ਮੰਚ ਪੰਜਾਬ, ਮਹਿਲਾ ਕਾਵਿਯ ਮੰਚ ਪੰਜਾਬ, ਹਿੰਦੀ ਭਾਸ਼ਾ ਸਮਾਰੋਹ ਪੰਜਾਬ, ਗਿਆਨਦੀਪ ਸਾਹਿਤ ਸਾਧਨਾ ਮੰਚ ਆਦਿ।

ਆਲ ਇੰਡੀਆ ਰੇਡੀਓ, ਬਠਿੰਡਾ ਦੇ ਮਾਨਤਾ ਪ੍ਰਾਪਤ ਆਰਟਿਸਟ ਰਹੇ ਡਾ. ਦੇਵਿੰਦਰ ਕੌਰ ਨੇ ਸਿਤਾਰ ਵਾਦਨ ਵਿਚ ਕਈ ਸ਼ਿਸ਼ ਤਿਆਰ ਕੀਤੇ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਚਾਰ ਵਿਦਿਆਰਥੀਆਂ ਡਾ. ਰਣਜੀਤ ਸਿੰਘ, ਡਾ. ਹਰਸਿਮਰਨ ਕੌਰ, ਡਾ. ਲਲਿਤਾ ਜੈਨ, ਡਾ. ਮੁਜਤਬਾ ਹੁਸੈਨ ਨੂੰ ਪੀਐਚ.ਡੀ. ਮੁਕੰਮਲ ਕਰਵਾਉਣ ਲਈ ਨਿਗਰਾਨ ਵਜੋਂ ਅਹਿਮ ਭੂਮਿਕਾ ਨਿਭਾਈ।

ਸੰਗੀਤ ਦੇ ਖੇਤਰ ਵਿਚ ਕੀਤੇ ਵਡਮੁੱਲੇ ਕਾਰਜਾਂ ਕਾਰਨ ਅਨੇਕ ਸਨਮਾਨ ਉਨ੍ਹਾਂ ਦੀ ਝੋਲੀ ਪਏ ਜਿਵੇਂ ਸੰਨ 1991 ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਵਿਸ਼ੇਸ਼ ਲੇਖਕ ਵਜੋਂ ਸਨਮਾਨ, ਨਵਯੁਗ ਕੰਨਿਆ ਮਹਾਂਵਿਦਿਆਲਿਆ, ਲਖਨਊ ਵਿਖੇ 30 ਸਤੰਬਰ, 1993 ਨੂੰ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵਲੋਂ ਸਨਮਾਨ, ਸ਼ੋਸ਼ਲ ਵੈਲਫੇਅਰ ਬੋਰਡ ਨਵੀਂ ਦਿੱਲੀ ਵਲੋਂ ਸੰਨ 1994 ਵਿਚ ਕੇਂਦਰੀ ਮੰਤਰੀ ਸ੍ਰੀਮਤੀ ਅਮਰਜੀਤ ਕੌਰ ਵਲੋਂ ਸਨਮਾਨਿਤ, 29 ਅਗਸਤ 2010 ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਆਯੋਜਿਤ ਜੈਪੁਰ ਵਿਖੇ 28ਵੇਂ ਲਿਟਰੇਰੀ ਐਂਡ ਕਲਚਰਲ ਪ੍ਰੋਗਰਾਮ ਵਿਚ ਸਾਬਕਾ ਵਿਤ ਮੰਤਰੀ ਡਾ. ਉਪਿੰਦਰਜੀਤ ਕੌਰ ਵਲੋਂ ਸਨਮਾਨ, 12 ਨਵੰਬਰ 2010 ਨੂੰ ਭਾਸ਼ਾ ਵਿਭਾਗ, ਪੰਜਾਬ ਵਲੋਂ ਆਯੋਜਿਤ ਕੀਤੇ ਪ੍ਰੋਗਰਾਮ ਦੌਰਾਨ ਸਾਬਕਾ ਸਿਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਵਲੋਂ ਸਨਮਾਨ, ਮਾਨਵ ਕਲਿਆਣ ਪਰਿਸ਼ਦ (ਰਜਿ.) ਵਲੋਂ ਸੰਨ 2012 ਵਿਚ 'ਸ੍ਰੇਸ਼ਠ ਆਚਾਰਿਆ ਐਵਾਰਡ' ਨਾਲ ਸਨਮਾਨਿਤ, ਪਟਿਆਲਾ ਆਰਟ ਕੌਂਸਲ ਵਲੋਂ ਸੰਨ 2012 ਵਿਚ 'ਬੈਸਟ ਮਿਊਜ਼ਿਕ ਟੀਚਰ ਐਵਾਰਡ' ਵਜੋਂ ਸਨਮਾਨ, ਗੁਰਮਤਿ ਸੰਗੀਤ ਵਿਭਾਗ/ਗੁਰਮਤਿ ਸੰਗੀਤ ਚੇਅਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਮੁਖੀ ਡਾ. ਗੁਰਨਾਮ ਸਿੰਘ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੇ ਕਾਰਜਾਂ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਸੰਗੀਤ ਦਾ ਇਨਸਾਈਕਲੋਪੀਡਿਆ ਅਖਵਾਉਣ ਵਾਲੀ ਡਾ. ਦੇਵਿੰਦਰ ਕੌਰ ਜ਼ਿੰਦਗੀ ਦੇ ਆਖਰੀ ਪੜਾਅ ਵਿਚ ਇਕ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ 9 ਅਕਤੂਬਰ, 2025 ਨੂੰ ਸੰਗੀਤ ਪ੍ਰੇਮੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਈ। ਸੰਗੀਤ ਦੇ ਖੇਤਰ ਵਿਚ ਉਨ੍ਹਾਂ ਦੇ ਕੀਤੇ ਕਾਰਜਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

**ਡਾ. ਰਣਜੀਤ ਸਿੰਘ**
ਪ੍ਰਿੰਸੀਪਲ, ਭਾਈ ਸੰਗਤ ਸਿੰਘ ਖ਼ਾਲਸਾ ਕਾਲਜ, ਬੰਗਾ
ਜਿਲਾ ਸ਼ਹੀਦ ਭਗਤ ਸਿੰਘ ਨਗਰ।
98554 53539

# Bhai Gurpartap Singh (Hazoor Sahib)

Dr. Amardev Singh



Bhai Gurpartap Singh Ji was born on 16th October 1978 in Patiala to Mata Kamaljeet Kaur Ji and Bhai Mohinder Singh Ji. His father, along with his uncle, Bhai Joginder Singh Ji were legendary figures in the field of music, especially in Kirtan. Music has been in their family for generations as they belong to the Rababi tradition of music dating back a few hundred years. His grandfather, Bhai Tarlochan Singh Mastana served as Hazoori Raagi in Gurdwara Janam Asthan Nankana Sahib prior to the partition of Punjab in 1947. After that, they settled in Patiala along with three other Rababi families from Nankana Sahib; Bhai Gurmukh Singh & Sarmukh Singh Fakkar, Bhai Jaswant Singh & Pal Singh and Bhai Mehar Singh Taan.

In 1976, Bhai Joginder Singh and Bhai Mohinder Singh accompanied 'Jathedar' Baba Santa Singh Ji of 96 Crori Panth Akali Budha Dal to Sachkhand Sri Hazoor Sahib, Nanded. During this visit, the Sangat of Nanded were so mesmerized by their Kirtan that they were requested to stay on. Since then, their family has been serving Sachkhand Sri Hazoor Sahib.

Bhai Gurpartap Singh Ji's training in music began at home under the guidance of his father and uncle. He also learned from Pandit Shyamrao Gunjkar, one of the finest disciples of Pandit Jasraj Ji. Pandit Shyamrao Gunjkar was a good family friend of theirs and was considered as a younger brother by Bhai Mohinder Singh Ji. Due to their close relationship, he used to frequent their house and spend hours teaching Bhai Gurpartap Singh Ji and his siblings. Bhai Gurpartap Singh Ji is the third out of five children. His eldest brother is the late Bhai Gurpreet Singh Ji followed by Bhai Harminder Singh Ji, Bhai Tejmaninder Singh Ji and Bhai Maninder Singh Ji.

Bhai Gurpartap Singh Ji has been trained in tabla, dilruba and vocals. Initially, he accompanied his father and older brother for Kirtan programs. This grooming led him to form his own 'jatha' in 1996, and he has been appointed as Hazoori Raagi in Sachkhand Sri Hazoor Sahib since then. He has also performed Kirtan across India in various states and cities. His first tour abroad was to Bangkok, Thailand in 2004. Since then, he has also visited Melbourne, Australia in 2017 and the United Kingdom in 2020. His Kirtan has been widely appreciated by the Sangat worldwide, especially for his renditions of the 'Baani' of Guru Gobind Singh Ji. His son, Satpratap Singh is currently following in his footsteps and has been learning from home. In addition to that, he has also come under the guidance of Pandit Shyamrao Gunjkar. Satpratap Singh now accompanies Bhai Gurpartap Singh Ji on tabla and sometimes on the dilruba as well. He is also blessed with a melodious voice and provides beautiful 'Alaaps' during the Kirtan.

**E-mail: kirtansewamalaysia@gmail.com**

# 22. ਰਾਗ ਸੋਹਨੀ

**ਪ੍ਰੋ. ਗੁਰਮੀਤ ਸਿੰਘ**

ਮਾਰਵਾ ਥਾਟ ਦਾ ਰਾਗ ਸੋਹਨੀ, ਆਧੁਨਿਕ ਰਾਗ ਹੈ। ਇਸਦੀ ਪ੍ਰਕ੍ਰਿਤੀ ਚੰਚਲ ਹੈ, ਪਰ ਇਸਦੀ ਚੰਚਲਤਾ ਵਿੱਚ ਵੀ ਮਧੁਰਤਾ ਝਲਕਦੀ ਹੈ। ਜਦ ਕਿ ਰਾਗ ਮਾਰਵਾ ਦੀ ਚੰਚਲਤਾ ਕਠੋਰ ਅਤੇ ਨੀਰਸ ਪ੍ਰਤੀਤ ਹੁੰਦੀ ਹੈ। ਸੋਹਨੀ ਸਵੇਰ ਦਾ ਸੰਧੀਪ੍ਰਕਾਸ਼ ਰਾਗ ਹੈ। ਇਸ ਵਿੱਚ ਪੰਚਮ ਵਰਜਿਤ ਹੈ, ਅਰੋਹ ਵਿੱਚ ਰਿਸ਼ਭ ਵਰਜਿਤ ਹੈ। ਇਸ ਲਈ ਇਹ ਓਡਵ-ਛਾਡਵ ਜਾਤੀ ਦਾ ਰਾਗ ਹੈ। ਪਰ ਭਾਤਖੰਡੇ ਜੀ ਨੇ ਅਰੋਹ ਵਿੱਚ ਰਿਸ਼ਭ ਦਾ ਅਲਪ ਪ੍ਰਯੋਗ ਦੱਸਕੇ ਇਸਦੀ ਜਾਤੀ ਛਾਡਵ-ਛਾਡਵ ਮੰਨੀ ਹੈ। ਓਡਵ-ਛਾਡਵ ਜਾਤੀ ਮੰਨਣ ਵਾਲੇ ਵਿਦਵਾਨ ਵੀ ਤਾਰ ਸਪਤਕ ਵਿੱਚ, ਅਰੋਹ 'ਚ ਰਿਸ਼ਭ ਲੈ ਲੈਂਦੇ ਹਨ। ਸੋਹਨੀ ਵਿੱਚ ਰਿਸ਼ਭ ਕੋਮਲ, ਤੀਬਰ ਮੱਧਮ, ਪੰਚਮ ਵਰਜਿਤ ਅਤੇ ਬਾਕੀ ਸਾਰੇ ਸ਼ੁੱਧ ਲੱਗਦੇ ਹਨ। ਇਹ ਉਤਰਾਂਗ ਵਾਦੀ ਰਾਗ ਹੈ। ਤਾਰ ਸ਼ੜਜ਼ ਸੋਹਨੀ ਵਿੱਚ ਖ਼ੂਬ ਚਮਕਦਾ ਹੈ। ਕਈ ਵਿਦਵਾਨ ਇਸ ਵਿੱਚ ਦੋਨੋਂ ਮੱਧਮ ਪ੍ਰਯੋਗ ਕਰਦੇ ਹਨ ਅਤੇ ਸ਼ੁੱਧ ਮੱਧਮ ਨੂੰ ਆਉਣ ਵਾਲੇ ਲਲਿਤ ਅੰਗ ਦੇ ਰਾਗਾਂ, ਦੇ ਸਮੇਂ ਦਾ ਪਰਿਚਾਇਕ (ਜਾਣਕਾਰੀ ਦੇਣ ਵਾਲਾ) ਮੰਨਦੇ ਹਨ, ਪਰ ਇਨ੍ਹਾਂ ਵਿਦਵਾਨਾਂ ਦੀ ਗਿਣਤੀ ਨਾ ਦੇ ਬਰਾਬਰ ਹੈ। ਮਾਰਵਾ ਰਾਗ ਦੇ ਮੱਧ ਸਪਤਕ ਵਿੱਚ ਨਿਸ਼ਾਦ ਦਾ ਪ੍ਰਯੋਗ ਨਾ ਦੇ ਬਰਾਬਰ ਹੈ, ਪਰੰਤੂ ਸੋਹਨੀ ਦੇ ਮੱਧ ਸਪਤਕ ਵਿੱਚ ਨਿਸ਼ਾਦ ਦਾ ਪ੍ਰਯੋਗ ਬਹੁਤ ਰੂਹ ਨਾਲ ਵਾਰ-ਵਾਰ ਕੀਤਾ ਜਾਂਦਾ ਹੈ। ਸੋਹਨੀ ਵਿੱਚ ਮੰ ਧ ਨੀ ਸਂ ਵਾਰ-ਵਾਰ ਆਉਂਦਾ ਹੈ।

ਸੋਹਨੀ ਦੀ ਸਾਧਾਰਣ ਰੂਪ-ਰੇਖਾ ਪੁਰੀਆ ਰਾਗ ਵਾਂਗ ਹੈ। ਪੁਰੀਆ ਸ਼ਾਮ ਦਾ ਰਾਗ ਹੈ। ਪੁਰੀਆ ਪੂਰਵਾਂਗ ਵਾਦੀ ਰਾਗ ਹੈ ਅਤੇ ਇਸ ਦੀ ਸਾਰੀ ਰੰਜਕਤਾ ਮੰਦਰ ਸਪਤਕ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਪੁਰੀਆ ਦਾ ਵਾਦੀ ਗੰਧਾਰ, ਸੰਵਾਦੀ ਨਿਸ਼ਾਦ ਹੈ, ਨਿਸ਼ਾਦ ਅਤੇ ਮੱਧਮ ਦੀ ਸੁਰ ਸੰਗਤੀ ਪੁਰੀਆ ਦੀ ਵਿਸ਼ੇਸ਼ਤਾ ਹੈ, ਮੰਦਰ ਵਿੱਚ ਸ, ਨ਼ਿ ਧ਼ ਨ਼ਿ -, ਮ਼ੰ ਗ਼ ਸੁਰ ਸਮੂਹ ਤੋਂ ਪੁਰੀਆ ਸਪੱਸ਼ਟ ਹੋ ਜਾਂਦਾ ਹੈ। ਇਸ ਲਈ ਸੋਹਨੀ ਨੂੰ ਪੂਰਵਾਂਗ ਵਿੱਚ ਪੁਰੀਆ ਤੋਂ ਬਚਾ ਕੇ ਗਾਉਣਾ ਚਾਹੀਦਾ ਹੈ। ਮਾਰਵਾ ਵੀ ਪੂਰਵਾਂਗ ਪ੍ਰਧਾਨ ਸ਼ਾਮ ਦਾ ਰਾਗ ਹੈ, ਵਾਦੀ ਰਿਸ਼ਭ ਸੰਵਾਦੀ ਧੈਵਤ ਹੈ, ਉਸਤੋਂ ਪੁਰੀਆ ਨੂੰ ਬਚਾ ਕੇ ਗਾਉਣਾ ਚਾਹੀਦਾ ਹੈ। ਸੋਹਨੀ ਦਾ ਧੈਵਤ ਮਾਰਵਾ ਨਾਲੋਂ ਜ਼ਿਆਦਾ ਮਹੱਤਵਪੂਰਣ ਹੈ ਅਤੇ ਸੋਹਨੀ ਦਾ ਗੰਧਾਰ ਵੀ ਸੰਵਾਦੀ ਹੋਣ ਕਰਕੇ ਮਹੱਤਵਪੂਰਣ ਹੈ। ਮਾਰਵਾ ਮੱਧ ਸਪਤਕ ਵਿੱਚ, ਸੋਹਨੀ ਤਾਰ ਸਪਤਕ ਵਿੱਚ ਖਿੜਦਾ ਹੈ।

ਪੰਚਮ, ਸ਼ੁੱਧ ਮੱਧਮ ਵਰਜਿਤ, ਤੀਬਰ ਮੱਧਮ ਵਾਲੇ ਰਾਗਾਂ ਵਿੱਚ, ਪੰਚਮ ਦੀ ਤਾਰ ਗੰਧਾਰ ਨਾਲ ਮਿਲਾਈ ਜਾਂਦੀ ਹੈ, ਕਿਉਂਕਿ ਇਹ ਸੁਰ ਵਾਦੀ ਜਾਂ ਸੰਵਾਦੀ ਹੁੰਦਾ ਹੈ ਜਾਂ ਮਹੱਤਵਪੂਰਣ ਵਿਸ਼ਰਾਂਤੀ (ਰੁਕਣ ਵਾਲਾ) ਸਥਾਨ ਹੁੰਦਾ ਹੈ। ਪਰ ਜਿਨ੍ਹਾਂ ਰਾਗਾਂ ਵਿੱਚ ਗੰਧਾਰ ਦੀ ਇਹ ਸਥਿਤੀ ਨਹੀਂ ਹੁੰਦੀ, ਉਨ੍ਹਾਂ ਰਾਗਾਂ ਨੂੰ ਗਾਉਣ ਸਮੇਂ ਤਾਨਪੁਰੇ ਦੇ ਪੰਚਮ ਵਾਲੇ ਤਾਰ ਨੂੰ ਮੰਦਰ ਨਿਸ਼ਾਦ ਨਾਲ ਮਿਲਾਇਆ ਜਾਂਦਾ ਹੈ ਜਿਵੇਂ - ਰਾਗ ਮਾਰਵਾ। ਸੋਹਨੀ ਦਾ ਸੰਖੇਪ ਵਿਵਰਣ :

ਥਾਟ - ਮਾਰਵਾ, ਜਾਤੀ - ਓਡਵ-ਛਾਡਵ, ਵਾਦੀ - ਧ, ਸੰਵਾਦੀ - ਗ,
ਸਮਾਂ - ਰਾਤ ਚੌਥਾ ਪਹਿਰ, ਸੁਰ - ਪੰਚਮ ਵਰਜਿਤ, ਅਰੋਹ ਵਿੱਚ ਰਿਸ਼ਭ ਵਰਜਿਤ, ਰਿਸ਼ਭ ਕੋਮਲ, ਤੀਬਰ ਮੱਧਮ ਅਤੇ ਬਾਕੀ ਸਾਰੇ ਸੁਰ ਸ਼ੁੱਧ।

ਅਰੋਹ - ਸ ਗ, ਮੰ ਧ ਨੀ ਸਂ ।
ਅਵਰੋਹ - ਸਂ ਰੁਂ ਸਂ, ਨੀ ਧ, ਗ, ਮੰ ਧ, ਮੰ ਗ ਰੁ ਸ ।।
ਪਕੜ - ਸਂ , ਨੀ ਧ, ਨ ਧ, ਗ, ਮੰ ਧ ਨੀ ਸਂ ਰੁਂ ਸਂ ।।

**ਸਬਦ:**

ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥
ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥੧॥
ਸੰਤਹੁ ਰਾਮ ਨਾਮਿ ਨਿਸਤਰੀਐ ॥
ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤ ਕਰੀਐ ॥੧॥ ਰਹਾਉ॥
ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥
ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥
(ਸੋਰਠਿ ਮਹਲਾ ੫ ਪੰਨਾ ੬੨੧-੨੨ )

ਅਸਥਾਈ ਰਾਗ ਸੋਹਨੀ ਤਾਲ : ਕਹਿਰਵਾ ਤਾਲ ( ਮਾਤਰਾ 8 )

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 0 | | | | × | | | | 0 | | | | × | | | |
| | | ਗ | ਮੰ | ਧਨ | – | ਧ | ਮੰ | ਗ | ਗ | ਮੰਧ | ਗਮੰ | ਗ | ਰੁ | ਸ | – |
| | | ਸੰਤ | ਹੁ | ਰਾ | s | ਮ | ਨਾ | s | ਮ | ਨਿs | ਸs | ਤ | ਰੀ | ਐ | s |
| – | – | ਸਨ੍ਹ | ਸ | ਗ | – | ਮੰ | ਧ | – | ਧ | ਨਿ | ਸੰ | ਰੁੰ | ਸੰ | ਸੰ | ਨ |
| s | s | ਸੰਤ | ਹੁ | ਰਾ | s | ਮ | ਨਾ | s | ਮ | ਨਿ | ਸ | ਤ | ਰੀ | s | s |
| ਧ | ਮੰ | ਗ | ਮੰ | ਮੰਧ | ਨਸੰ | ਨਿ | ਧ | ਮੰ | ਗ | ਮੰ | ਧ | ਮੰ | ਮੰ | ਗ | – |
| ਐ | s | ਸੰਤ | ਹੁ | ਰਾs | ss | ਮ | ਨਾ | s | ਮ | ਨਿ | ਸ | ਤ | ਰੀ | ਐ | s |
| – | – | – | – | – | ਮੰ | ਧ | ਧ | ਨਿਧ | ਨਿਧ | ਮੰ | ਗ | – | ਮੰ | ਧ | ਧ |
| s | s | s | s | * | ਊ | ਠ | ਤ | ਬੈs | ss | ਠ | ਤ | s | ਹਰਿ | ਹ | ਰਿ |
| ਨਿਧ | ਨਿਧ | ਮੰ | ਗ | – | ਮੰ | ਧ | ਨਿ | ਸੰ | ਰੁੰ | ਸੰ | ਰੁੰ | ਨਿ | ਸੰ | – | ਨਿ |
| ਧਿ | sਈ | ਐ | s | * | ਅਨ | ਦਿ | ਨੁ | ਸੁ | s | ਕ੍ਰਿ | ਤੁ | ਕ | ਰੀ | s | s |
| ਧ | ਮੰ | | | | | | | | | | | | | | |
| ਐ | s | | | | | | | | | | | | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 0 | | | | × | | | | 0 | | | |
| | ਮੰ | ਧ | ਨਿ | ਸੰ | ਰੁੰ | ਸੰ | ਰੁੰ | ਨਿ | – | ਸੰ | – | – | – | – | – |
| | ਗੁਰਿ | ਪੂ | ਰੈ | ਕਿ | ਰ | ਪਾ | s | ਧਾ | s | ਰੀ | s | s | s | s | s |
| – | ਧਨਿ | ਸੰ | ਗੰ | ਮੰ | ਗੰ | ਰੁੰ | ਸੰ | ਨਿ | ਸੰ | ਸੰ | – | ਨਿਧ | ਨਿਧ | ਮੰ | ਗ |
| s | ਪ੍ਰਭਿ | ਪੂ | ਰੀ | ਲੋ | s | ਚ | ਹ | ਮਾ | s | ਰੀ | s | ss | ss | s | s |
| – | ਮੰ | ਧ | ਨਿ | ਸੰ | ਰੁੰ | ਸੰ | ਰੁੰ | ਨਿ | – | ਸੰ | – | – | – | – | – |
| s | ਕਰਿ | ਇ | ਸ | ਨਾ | sਨ | ਗ੍ਰਿ | ਹਿ | ਆ | s | ਏ | s | s | s | s | s |
| – | ਧਨਿ | ਸੰ | ਗੰ | ਮੰ | ਗੰ | ਰੁੰ | ਸੰ | ਨਿ | ਸੰ | ਸੰ | – | ਨਿਧ | ਨਿਧ | ਮੰ | ਗ |
| * | ਅਨ | ਦ | ਮੰ | ਗ | ਲ | ਸੁ | ਖ | ਪਾ | s | ਏ | s | s | s | s | s |
| – | ਮੰ | ਧ | ਨਿ | ਸੰ | ਰੁੰ | ਸੰ | ਰੁੰ | ਨਿ | ਸੰ | – | ਨਿ | ਧ | ਮੰ | | |
| * | ਅਨ | ਦ | ਮੰ | ਗ | ਲ | ਸੁ | ਖ | ਪਾ | s | s | s | ਏ | s | ਸੰ | ਤਹੁ.. |

ਪ੍ਰੋ. ਗੁਰਮੀਤ ਸਿੰਘ 'ਮਾਰਖਮ'
**ਸੰਪਰਕ:** +1 (437) 219-9293

# राग अमृतवर्षिणी

गुरूबखश सिंह

वॉल्टर कॉफ़मैन के ग्रंथ 'द रागाज़ ऑफ़ साऊथ इंडिया'* में अमृतवर्षिणी के दो प्रकार दिये गये हैं। उनमें से एक उत्तर भारत के संगीतकारों ने जो अपनाया है, उसमें ऋषभ, धैवत वर्जित, मध्यम तीव्र तथा गंधार, निषाद शुद्ध हैं। इस औड़व राग में गंधार निषाद का सँवाद है और गायन समय रात्रि का है। यह राग मारग बिहाग से कुछ मिलता – जुलता है। अंतर केवल यह है कि मारग बिहाग के अवरोह में धैवत और ऋषभ का प्रयोग होता है।

**आरोह :** सा ग, मं प, नि, सां

**अवरोह :** सां नि प, मं ग, सा

**मुरव्य अंग :** ग मं प नि, प, मं ग सा ऩि प़ ऩि सा।

**चलन :** सा, ऩि प़, प़ ऩि, सा। सा ग, सा ऩि, प़ ऩि सा ग, सा। सा ग मं ग सा। सा ग मं प, प मं ग, मं ग सा। सा ग मं प, मं ग मं प, प नि प मं ग, मं ग सा ऩि, सा। ग मं प नि, प मं ग, सा प मं ग, मं ग सा ऩि, सा। ग मं प नि, प मं ग मं प सां। प नि सां गं सां। सां गं मं गं सां, सां गं मं पं मं गं, सां नि सां। सां नि प, मं प मं ग, प मं ग, मं ग सा, ऩि प़ ऩि सा।

* The Ragas of South India, Walter Kaufmann, Page 662

## अमृतवर्षिणी (झपताल)

*से संजोग करहु मेरे पिआरे ॥ जितु रसना हरि नामु उचारे ॥१॥*
*सुणि बेनती प्रभ दीन दइआला ॥ साध गावहि गुण सदा रसाला ॥१॥ रहाउ॥*
*जीवन रूपु सिमरणु प्रभ तेरा ॥ जिसु क्रिपा करहि बसहि तिसु नेरा ॥२॥*
*जन की भूख तेरा नामु अहारु ॥ तूँ दाता प्रभ देवणहारु ॥३॥*
*राम रमत संतन सुखु माना ॥ नानक देवनहार सुजाना ॥४॥*
*( सूही महला ५ ) अंग ७४३*

# स्थाई

| | | | | | | | | | |
|---|---|---|---|---|---|---|---|---|---|
| [सा]प | म॑ | ग | – | म॑ | ग | सा | सा | नि़ | सा |
| सु | ण | बे | ऽ | न | ती | ऽ | प्र | ऽ | भ |
| नि़ | सा | ग | – | ग | म॑ | ग | सा | – | – |
| दी | ऽ | न | ऽ | दई | आ | ऽ | ला | ऽ | ऽ |
| नि़ | सा | ग | – | म॑ | प | प | नि | – | प |
| सा | ऽ | ध | ऽ | गा | व | हि | गु | ऽ | ण |
| म॑ | प | ग | – | म॑ | गम॑ | पम॑ | गम॑ | पम॑ | ग, |
| स | दा | ऽ | ऽ | र | साऽ | ऽऽ | ऽऽ | ऽऽ | ला, |
| x | | २ | | | ० | | ३ | | |


# अंतरा

| | | | | | | | | | |
|---|---|---|---|---|---|---|---|---|---|
| प | म॑ | ग | म॑ | प | नि | – | नि | – | नि |
| से | ऽ | सं | ऽ | ऽ | जो | ऽ | ग | ऽ | क |
| निनि | प | म॑ | ग | म॑ | पप | – | [प]सां | – | – |
| रहु | ऽ | मे | ऽ | रे | पिआ | ऽ | रे | ऽ | ऽ |
| नि | नि | सां | – | गं | सां | – | नि | – | प |
| जि | त | र | ऽ | स | ना | ऽ | ह | ऽ | र |
| म॑ | प | ग | – | म॑ | गम॑ | पम॑ | गंम॑ | पम॑ | ग, |
| ना | ऽ | म | ऽ | उ | चाऽ | ऽऽ | ऽऽ | ऽऽ | रे, |
| नि़ | सा | ग | – | म॑ | | | | | |
| सा | ऽ | ध | ऽ | गा | | | | | |
| x | | २ | | | ० | | ३ | | |

**e-mail: gurbuxsingh@gmail.com**

# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS




# PIONEERING ENGINEERING SOLUTIONS IN RUBBER & PLASTIC



















THE ALP GROUP


**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgroupup.in
E-mail: alp@anbros.com